ਕੈਨੇਡਾ ਦਰਪਣ

ਜੁਲਾਈ 1-15, 1984

July 1-15, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

July 1-15, 1984

Second Class Mail - Reg. No. 5991 ਕੀਮਤ 30¢

Out of Greater Vancouver Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 27 July 1-15 1984
Editor's Res. PHONE. (604)321-6360

THE CANADA DARPAN
Punjabi Fortnightly Newspaper

ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਵਿਚ ਭਾਰੀ ਉਭਾਰ

ਅੰਮ੍ਰਿਤਸਰ — ਰੀਊਟਰ ਦੀ ਖਬਰ ਅਨੁਸਾਰ ਸੋਮਵਾਰ ਨੂੰ ਦਸ ਤੋਂ ਪੰਦਰਾਂ ਹਜ਼ਾਰ ਤੱਕ ਲੋਕਾਂ ਦੀ ਗਿਣਤੀ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਸ੍ਰੀ ਹਰਿਮੰਦਰ ਸਾਹਿਬ ਸਿਖਾਂ ਦਾ ਸਭ ਤੋਂ ਪਵਿੱਤਰ ਸਥਾਨ ਗਿਣਿਆ ਜਾਂਦਾ ਹੈ। 6 ਜੂਨ ਦੇ ਫੌਜੀ ਹਮਲੇ ਤੋਂ ਪਿਛੋਂ ਪਹਿਲੀ ਵਾਰ ਆਮ ਲੋਕਾਂ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਖੋਲ੍ਹੇ ਗਏ।

ਖਬਰ ਅਨੁਸਾਰ ਹਿੰਦੂ ਅਤੇ ਸਿੱਖ ਯਾਤਰੀ ਨੰਗੇ ਪੈਰੀਂ ਧੁੱਪ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁਜੇ। ਬਹੁਤ ਸਾਰੇ ਲੋਕ ਰਾਮਦਾਸ ਸਰੋਵਰ ਵਿਚ ਇਸ਼ਨਾਨ ਕਰਕੇ ਆਏ।

ਕਿਸੇ ਵੀ ਮਾੜੀ ਘਟਨਾ ਦੀ ਰੀਪੋਰਟ ਨਹੀਂ ਹੈ। ਸੁਰੱਖਿਆ ਪ੍ਰਬੰਧ ਕਾਫੀ ਮਜ਼ਬੂਤ ਦੱਸਿਆ ਜਾਂਦਾ ਹੈ। ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੋ ਘੰਟੇ ਲਈ ਖੋਲ੍ਹਣ ਦਾ ਸਮਾਂ ਦਿੱਤਾ ਗਿਆ ਸੀ ਪਰ ਭੀੜ ਦੇ ਵਧਣ ਕਾਰਨ ਇਕ ਘੰਟਾ ਹੋਰ ਸਮਾਂ ਵਧਾ ਦਿੱਤਾ ਗਿਆ।

ਮੰਗਲਵਾਰ ਦੀ ਖਬਰ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੁਬਾਰਾ ਆਮ ਲੋਕਾਂ ਲਈ ਬੰਦ ਕਰ ਦਿੱਤਾ ਗਿਆ। ਵਿਸ਼ੇਸ਼ ਸੂਚਨਾ ਅਨੁਸਾਰ ਆਮ ਲੋਕਾਂ ਦੀ ਭੀੜ ਇੰਨੀ ਵਧ ਗਈ ਸੀ ਕਿ ਸੁਰੱਖਿਆ ਅਮਲੇ ਲਈ ਉਨ੍ਹਾਂ ਨੂੰ ਕੰਟਰੋਲ ਵਿਚ ਰੱਖਣਾ ਮੁਸ਼ਕਲ ਸੀ। ਅੱਜ ਫਿਰ ਹਰਿਮੰਦਰ ਸਾਹਿਬ ਦੁਬਾਰਾ ਖੋਲ੍ਹ ਦਿਤਾ ਗਿਆ।

ਅਕਾਲ ਤਖਤ ਦੀ ਮੁਢੋਂ ਉਸਾਰੀ ਕੀਤੇ ਜਾਣ ਦੀ ਸੰਭਾਵਨਾ

ਅੰਮ੍ਰਿਤਸਰ (ਪੀ.ਟੀ.ਆਈ)— ਪੱਛਮੀ ਕਮਾਂਡ ਦੇ ਮੁੱਖ ਕਮਾਂਡਰ ਲੈਫਟੀਨੈਂਟ ਜਨਰਲ ਕੇ.ਸੁੰਦਰਜੀ ਨੇ ਪੱਤਰਕਾਰਾਂ ਨੂੰ ਦਸਿਆ ਕਿ ਹਰਿਮੰਦਰ ਸਾਹਿਬ ਦੇ ਪੰਜ ਸਿੰਘ ਸਾਹਿਬਾਨਾਂ ਨੇ ਮੀਟਿੰਗ ਕਰਕੇ ਅਕਾਲ ਤਖਤ ਦੀ ਮੁਰੰਮਤ ਦੇ ਸਵਾਲ ਬਾਰੇ ਗੌਰ ਕੀਤਾ ਤੇ ਉਹ ਅਜੇ ਇਹ ਫੈਸਲਾ ਕਰਨਗੇ ਕਿ ਇਮਾਰਤ ਦੀ ਮੁਰੰਮਤ ਕੀਤੀ ਜਾਵੇ ਜਾਂ ਅਕਾਲ ਤਖਤ ਦੀ ਮੁਕੰਮਲ ਮੁੱਢੋਂ ਉਸਾਰੀ ਕੀਤੀ ਜਾਵੇ। ਸਿੰਘ ਸਾਹਿਬਾਨਾਂ ਦਾ ਵਿਚਾਰ ਹੈ ਕਿ ਅਕਾਲ ਤਖਤ ਦੀ ਮੁੜ ਉਸਾਰੀ ਸਿੱਖ ਸੰਗਤਾਂ ਵਲੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਆਸ ਹੈ ਕਿ ਇਸ ਕੰਮ ਲਈ ਹਜ਼ਾਰਾਂ ਵਲੰਟੀਅਰ ਅੱਗੇ ਆਉਣਗੇ। ਉਹ ਇਸ ਸਬੰਧ ਵਿਚ ਯਾਦ ਪੱਤਰ ਤਿਆਰ ਕਰ ਰਹੇ ਹਨ ਜੋ ਛੇਤੀ ਹੀ ਤਿਆਰ ਕਰ ਲਿਆ ਜਾਵੇਗਾ।

ਸਿੰਘ ਸਾਹਿਬਾਨ ਇਸ ਗੱਲ 'ਤੇ ਵੀ ਗੌਰ ਕਰ ਰਹੇ ਹਨ ਕਿ ਅਕਾਲ ਤਖਤ ਤੇ ਇਸ ਦੇ ਨਾਲ ਲਗਦੀਆਂ ਇਮਾਰਤਾਂ ਨੂੰ ਢਾਇਆ ਜਾਵੇ ਜਾਂ ਨਾ। ਇਨ੍ਹਾਂ ਇਮਾਰਤਾਂ ਨੂੰ ਢਾਹੁਣ ਦਾ ਮਨੋਰਥ ਸੜਕਾਂ ਚੌੜਾ ਕਰਨਾ ਤੇ ਇਲਾਕੇ 'ਚ ਦਰਖਤ ਆਦਿ ਲਾਉਣਾ ਹੈ।

ਜਨਰਲ ਸੁੰਦਰਜੀ ਨੇ ਸਪਸ਼ਟ ਕੀਤਾ ਕਿ ਸਿੱਖਾਂ ਵਿਚ ਇਹ ਰਵਾਇਤ ਹੈ ਕਿ ਹਰਿਮੰਦਰ ਸਾਹਿਬ ਦੇ ਅਹਾਤੇ ਵਿਚ ਮੁਰੰਮਤ ਦਾ ਕੰਮ ਸੰਗਤ ਵਲੋਂ ਹੀ ਕੀਤਾ ਜਾਂਦਾ ਹੈ।

ਅੰਮ੍ਰਿਤਸਰ ਵਿਚ ਜਨ ਜੀਵਨ ਨੂੰ ਆਮ ਵਰਗੇ ਬਣਾਉਣ ਦੇ ਯਤਨ

—ਅੰਮ੍ਰਿਤਸਰ—(ਵਿਸ਼ੇਸ਼ ਪ੍ਰਤੀਨਿਧ)— ਜ਼ਿਲਾ ਪਰਸਾਸ਼ਨ ਨੇ ਇਸ ਸ਼ਹਿਰ ਵਿਚ ਜਨਜੀਵਨ ਦੇ ਅਰਥਚਾਰੇ ਨੂੰ ਆਮ ਵਾਂਗ ਬਣਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਆਮ ਸ਼ਹਿਰੀਆਂ ਦੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਪਰਸਾਸ਼ਨ ਦਾ ਸਭ ਤੋਂ ਵੱਡਾ ਕੰਮ ਉਨ੍ਹਾਂ ਸੈਂਕੜੇ ਇਮਾਰਤਾਂ ਦੇ ਮਲਬੇ ਨੂੰ ਬਜ਼ਾਰਾਂ ਤੇ ਗਲੀਆਂ ਵਿਚੋਂ ਹਟਾਉਣਾ ਹੈ ਜਿਹੜੀਆਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਗੋਲਾਬਾਰੀ ਕਾਰਨ ਢਹਿ ਢੇਰੀਆਂ ਹੋ ਗਈਆਂ ਸਨ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਦੇ ਆਲੇ ਦੁਆਲੇ ਸਥਿਤੀ ਅੱਠ ਬਜ਼ਾਰ ਖੰਡਰ ਹੋ ਚੁਕੇ ਹਨ। ਇਸ ਤੋਂ ਇਲਾਵਾ ਸੈਂਕੜੇ ਇਮਾਰਤਾਂ ਵਿਚ ਗੋਲਾਬਾਰੀ ਕਾਰਨ ਤਰੇੜਾਂ ਪੈ ਗਈਆਂ ਹਨ ਜਿਸ ਕਾਰਨ ਉਨ੍ਹਾਂ ਵਿਚ ਆਮ ਲੋਕਾਂ ਦਾ ਰਹਿਣਾ ਸੁਰਸ਼ਤ ਰਹਿਣਾ ਨਹੀਂ ਜਾਪਦਾ।

ਪਾਕਿ 'ਚ ਕਿਰਪਾਨ ਸਮੇਤ ਹਵਾਈ ਸਫਰ ਤੇ ਪਾਬੰਦੀ

ਇਸਲਾਮਾਬਾਦ — ਯੂ. ਐਨ. ਆਈ— ਪਾਕਿਸਤਾਨ ਸਰਕਾਰ ਨੇ ਮੁਸਾਫਰ ਹਵਾਈ ਜਹਾਜ਼ਾਂ 'ਚ ਕਿਰਪਾਨ ਸਮੇਤ ਸਫਰ ਕਰਨ ਉਤੇ ਪਾਬੰਦੀ ਲਾ ਦਿੱਤੀ ਹੈ।

ਪਾਕਿਸਤਾਨੀ ਸ਼ਹਿਰੀ ਹਵਾਬਾਜ਼ੀ ਅਧਿਕਾਰੀਆਂ ਅਨੁਸਾਰ ਕਿਸੇ ਵੀ ਸਿੱਖ ਨੂੰ ਚਾਰ ਇੰਚ ਤੋਂ ਵੱਡੀ ਕਿਰਪਾਨ ਜਾਂ ਚਾਕੂ ਲੈ ਕੇ ਜਹਾਜ਼ 'ਚ ਸਫਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜਿਸ ਕੋਲ ਵੱਡੀ ਕਿਰਪਾਨ ਹੋਵੇਗੀ ਉਹ ਉਸਨੂੰ ਹਵਾਈ ਅਮਲੇ ਦੇ ਮੈਂਬਰਾਂ ਨੂੰ ਸੌਂਪ ਦੇਵੇਗਾ। ਸਫਰ ਦੇ ਖਾਤਮੇ ਉਤੇ ਉਸਨੂੰ ਵਾਪਸ ਦਿੱਤੀ ਜਾਵੇਗੀ।

ਅੰਦਰ ਪੜ੍ਹੋ :—

— 5,6 ਜੂਨ 1949 ਦਾ ਸਾਕਾ — ਕੇਸਰ ਸਿੰਘ ਨਾਵਲਿਸਟ

— ਪੰਜਾਬ ਵਿਚ ਦਹਿਸ਼ਤਪਸੰਦੀ ਕਿਉਂ? (ਇਕ ਜਾਣਕਾਰੀ ਭਰਪੂਰ ਲੇਖ)

ਮੈਂ ਭਿੰਡਰਾਂਵਾਲਾ ਨੂੰ ਪੰਜਾਬ ਤੋਂ ਬਾਹਰ ਕੱਢਣ ਦੀ ਪੇਸ਼ਕਸ਼ ਕੀਤੀ ਸੀ— ਜਨਰਲ ਭੁੱਲਰ

ਵੈਨਕੂਵਰ — 'ਪ੍ਰੋਵਿੰਸ'.ਅਖਬਾਰ ਦੇ ਸਟਾਫ ਰੀਪੋਰਟਰ ਸਲੀਮ ਜੀਵਾ ਨੂੰ ਇਕ ਇੰਟਰਵੀਊ ਦਿੰਦਿਆਂ ਰੀਟਾਇਰਡ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਨੇ ਕਿਹਾ ਕਿ ਦਰਬਾਰ ਸਾਹਿਬ ਤੇ ਹਮਲਾ ਹੋਣ ਤੋਂ ਕੁਝ ਦਿਨ ਪਹਿਲਾਂ ਉਹ ਸੰਤ ਭਿੰਡਰਾਂਵਾਲਾ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਸੰਤਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦੀ ਪੇਸ਼ਕਸ਼ ਵੀ ਕੀਤੀ ਪਰ ਉਨ੍ਹਾਂ ਨੇ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਬਾਹਰ ਜਾਣ ਤੋਂ ਨਾਂਹ ਕਰ ਦਿੱਤੀ।

ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਆਪਣੀ ਗ੍ਰਿਫਤਾਰੀ ਤੋਂ ਬਚਣ ਲਈ ਦੇਸ਼ ਤੋਂ ਬਾਹਰ ਨਿਕਲ ਆਏ ਹਨ। ਉਨ੍ਹਾਂ ਦੀ ਗ੍ਰਿਫਤਾਰੀ ਦੀ ਵਾਰੰਟ ਉਨ੍ਹਾਂ ਦੀ ਕਿਤਾਬ The Betrayal of Sikhs ਛਪਣ ਕਾਰਨ ਜਾਰੀ ਕੀਤੇ ਗਏ ਸਨ। ਮੇਜਰ ਜਨਰਲ ਭੁੱਲਰ ਨਾਲ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਮਨਜੀਤ ਸਿੰਘ ਸਿੱਧੂ ਵੀ ਉਨ੍ਹਾਂ ਦੇ ਨਾਲ ਹੀ ਸਨ।

ਮੇਜਰ ਜਨਰਲ ਭੁੱਲਰ ਨੇ ਗੁਰਦੁਆਰਾ ਰੌਸ ਸਟਰੀਟ, ਅਕਾਲੀ ਸਿੰਘ ਅਤੇ ਗੁਰੂ ਘਰ ਐਬਟਸਫੋਰਡ ਵੀ ਤਕਰੀਰਾਂ ਕੀਤੀਆਂ ਅਤੇ ਅਖੌਤੀ ਖਾਲਿਸਤਾਨ ਦੀ ਮੰਗ ਦੀ ਪ੍ਰੋੜ੍ਹਤਾ ਕੀਤੀ। ਉਨ੍ਹਾਂ ਭਾਰਤ ਸਰਕਾਰ ਤੇ ਦੋਸ਼ ਲਾਇਆ ਕਿ ਕਈ ਸੈਂਕੜੇ ਵਿਅਕਤੀ ਉਸ ਧਾਰਮਕ ਸਥਾਨ ਵਿਚ ਮਾਰੇ ਗਏ ਜਦ ਕਿ ਸਰਕਾਰ ਬਿਨਾਂ ਤਾਕਤ ਦੀ ਵਰਤੋਂ ਕੀਤੇ ਹਰਿਮੰਦਰ ਸਾਹਿਬ ਵਿਚ ਸ਼ਰਨ ਲੈ ਰਹੇ ਲੋਕਾਂ ਨੂੰ ਬਾਹਰ ਕੱਢ ਸਕਦੀ ਸੀ।

ਸਲੀਮ ਜੀਵਾ ਦੇ ਸ਼ਬਦਾਂ ਵਿਚ ਜਨਰਲ ਭੁੱਲਰ ਨੇ ਕਿਹਾ, "ਕਿ ਉਹ ਗੁਰੂ ਘਰ ਦੇ ਇਲਾਕੇ ਨੂੰ ਘੇਰ ਸਕਦੇ ਸਨ ਅਤੇ ਜਿਹੜਾ ਵੀ ਉਥੋਂ ਨਿਕਲਦਾ ਉਸਦੀ ਤਲਾਸ਼ੀ ਲੈ ਸਕਦੇ ਸਨ।"

"ਫੇਰ ਕੀ ਹੋ ਜਾਂਦਾ ਜੇ ਇਸ ਨੂੰ ਇਕ ਮਹੀਨਾ ਵੀ ਲੱਗ ਜਾਂਦਾ? ਕਿਹੜੀ ਬੁਰਾਈ ਘੱਟ ਹੈ — ਮਹੀਨਾ ਲਗਣਾ ਜਾਂ ਲੋਕਾਂ ਨੂੰ ਅੰਧਾਧੁੰਧ ਗੋਲੀ ਚਲਾ ਕੇ ਮਾਰਨਾ?"

ਪੰਜਾਬ ਵਿਚ ਇਕ ਪੁਜਾਰੀ, ਇਕ 'ਅਤਿਵਾਦੀ' ਹਲਾਕ

ਚੰਡੀਗੜ੍ਹ — ਸੋਮਵਾਰ ਪੰਜਾਬ ਵਿਚ ਇਕ ਹਿੰਦੂ ਮੰਦਰ ਦਾ ਪੁਜਾਰੀ ਹਲਾਕ ਕਰ ਦਿਤਾ ਗਿਆ ਅਤੇ ਫੌਜੀਆਂ ਨਾਲ ਮੁਠਭੇੜ ਵਿਚ ਇਕ ਕਥਿਤ 'ਅਤਿਵਾਦੀ' ਮਾਰਿਆ ਗਿਆ। ਫੌਜ ਨੇ 28 ਵਿਅਕਤੀ ਸ਼ੱਕ ਵਿਚ ਹੋਰ ਗ੍ਰਿਫਤਾਰ ਕੀਤੇ।

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL new & used FURNITURE

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਪਾਲ ਤੂਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

ਕੈਨੇਡਾ ਦਰਪਣ

ਵੈਨਕੂਵਰ ਵਿਚ ਜ਼ੈਲ ਸਿੰਘ ਦੇ ਭਾਸ਼ਨ ਤੋਂ ਗਰਮਾ ਗਰਮੀ

ਵੈਨਕੂਵਰ — ਮੰਗਲਵਾਰ ਦੀ ਰਾਤ ਨੂੰ ਪੰਜਾਬੀ ਮਾਰਕੀਟ ਵਿਚ ਨਾਅਰੇ ਲਿਖੇ ਗਏ । ਪੰਜ ਚਾਰ ਸਟੋਰਾਂ ਨੂੰ ਛੱਡ ਕੇ ਬਾਕੀ ਸਭ ਸਟੋਰਾਂ ਤੇ ਨਾਅਰੇ ਲਿਖੇ ਹੋਏ ਸਨ ।

ਫ਼ੋਨ ਤੇ 'ਕੈਨੇਡਾ ਦਰਪਣ' ਨੂੰ ਸੂਚਿਤ ਕੀਤਾ ਗਿਆ ਕਿ ਇਹ ਨਾਅਰੇ 'ਦਸ਼ਮੇਸ਼ ਰਜਮੈਂਟ' ਵਲੋਂ ਲਿਖੇ ਗਏ ਹਨ । ਫ਼ੋਨ ਤੇ ਕਿਸੇ ਅਣਪਛਾਣੀ ਆਵਾਜ਼ ਵਿਚ ਇਕ ਵਿਅਕਤੀ ਨੇ ਦੱਸਿਆ ਕਿ ਉਹ ਵਾਧਾ ਨਹੀਂ ਵਧਾਉਣਾ ਚਾਹੁੰਦੇ ਪਰ ਜੋ ਵੀ ਵਿਅਕਤੀ ਮੀਡੀਏ ਰਾਹੀਂ ਜਾਂ ਕਿਸੇ ਕਾਰਵਾਈ ਰਾਹੀਂ ਸਿੱਖ ਵਿਰੋਧੀ ਪ੍ਰਚਾਰ ਕਰੇਗਾ ਉਸ ਵਿਰੁਧ ਕਾਰਵਾਈ ਕੀਤੀ ਜਾਵੇਗੀ ।

ਇਸੇ ਦੌਰਾਨ 'ਸਨ' ਅਖਬਾਰ ਦੇ ਪੱਤਰਕਾਰ ਨੇ ਕਾਫੀ ਲੰਮੀ ਰੀਪੋਰਟ ਛਾਪੀ ਹੈ ਜਿਸ ਵਿਚ ਦੋਵਾਂ ਧਰਮਾਂ ਦੇ ਲੋਕਾਂ ਦੀਆਂ ਇੰਟਰਵੀਊ ਛਾਪੀਆਂ ਹਨ । ਉਸ ਅਨੁਸਾਰ ਮੰਗਲਵਾਰ ਸ਼ਾਮ ਨੂੰ ਲੋਅਰ ਮੇਨਲੈਂਡ ਦੇ ਛੇਆਂ ਗੁਰੂ ਘਰਾਂ ਨੇ ਹਿੰਸਾ ਦਾ ਵਿਰੋਧ ਕੀਤਾ ਹੈ ।

ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਦੇ ਬੁਲਾਰੇ ਪ੍ਰੀਤਮ ਸਿੰਘ ਔਲਖ ਨੇ ਕਿਹਾ ਕਿ 10 ਜੂਨ ਨੂੰ ਟਰਾਂਟੋ ਵਿਚ ਇਕ ਧਰਮ ਦੇ ਵਪਾਰੀਆਂ ਦੇ ਬਾਈਕਾਟ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ।

ਸ: ਝੀਤਾ ਨੇ 'ਸਨ' ਦੇ ਪੱਤਰਕਾਰ ਨੂੰ ਕਿਹਾ ਕਿ ਉਨ੍ਹਾਂ 'ਦਸ਼ਮੇਸ਼ ਰਜਮੈਂਟ' ਨਾਂ ਦੇ ਗਰੁਪ ਦੀ ਕੋਈ ਜਾਣਕਾਰੀ ਨਹੀਂ ।

ਰੇਡੀਓ ਤੇ ਟੀ. ਵੀ. ਉਤੇ ਗਿਆਨੀ ਜ਼ੈਲ ਸਿੰਘ ਦੇ ਬਿਆਨ ਨੂੰ ਪ੍ਰਸਾਰਤ ਕਰਨ ਕਾਰਨ ਇਹ ਸਾਰਾ ਝਗੜਾ ਖੜਾ ਹੋਇਆ ਦੱਸਿਆ ਜਾਂਦਾ ਹੈ।

ਸੀ. ਬੀ. ਸੀ. ਨੂੰ ਇੰਟਰਵਿਊ ਦਿੰਦਿਆਂ ਗੁਰੂ ਘਰਾਂ ਦੇ ਇਕ ਬੁਲਾਰੇ ਨੇ ਕਿਹਾ ਕਿ ਵੈਨਕੂਵਰ ਵਿਚ ਹਿੰਸਾ ਲਈ ਕੋਈ ਥਾਂ ਨਹੀਂ; ਜੋ ਹਿੰਸਾ ਕਰਨਾ ਚਾਹੁੰਦੇ ਹਨ ਉਹ ਉਥੇ ਜਾ ਕੇ ਕਰਨ ।

ਵਿਨੀਪੈਗ ਵਿਚ ਸਿੱਖਾਂ ਵਲੋਂ ਅਮਨ ਮਾਰਚ

ਵਿੰਨੀਪੈਗ—ਪਿਛਲੇ ਸ਼ਨਿਚਰਵਾਰ 850 ਦੇ ਲਗਪਗ ਸਿੱਖ ਸੰਗਤਾਂ ਨੇ ਸ਼ਾਂਤਮਈ ਮੁਜ਼ਾਹਰਾ ਕੀਤਾ। ਉਹ ਇੰਦਰਾ ਸਰਕਾਰ ਦੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੇ ਹਮਲੇ ਵਿਰੁਧ ਆਪਣਾ ਗੁੱਸਾ ਪ੍ਰਗਟਾ ਰਹੇ ਸਨ ।

ਵਿੰਨੀਪੈਗ ਦੇ ਅਖਬਾਰ ਫਰੀ ਪ੍ਰੈਸ ਦੇ ਨੁਮਾਇੰਦੇ ਨੂੰ ਸ੍ਰੀਮਤੀ ਅਜੀਤ ਕੌਰ ਦਿਓਲ ਨੇ ਕਿਹਾ "ਕਿ ਅਸੀਂ ਵਿੰਨੀਪੈਗ ਦੇ ਆਮ ਲੋਕਾਂ ਦੀ ਸ਼ਾਂਤੀ ਭੰਗ ਨਹੀਂ ਕਰਨਾ ਚਾਹੁੰਦੇ - ਅਸੀਂ ਤਾਂ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਇਹ ਅਮਨ ਮਾਰਚ ਭਾਰਤ ਸਰਕਾਰ ਦੇ ਜ਼ੁਲਮ ਵਿਰੁਧ ਹੈ ।

ਸਿੱਖ ਸੰਗਤਾਂ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ ਅਤੇ ਸ਼ਾਮਲ ਵਿਅਕਤੀਆਂ ਨੇ ਮਾਟੋ ਚੁਕੇ ਹੋਏ ਸਨ ਜਿਨ੍ਹਾਂ ਤੇ ਇੰਦਰਾ ਕਾਤਲ ਹੈ ਆਦਿ ਲਿਖਿਆ ਹੋਇਆ ਸੀ । ਮੁਜ਼ਾਹਰਾਕਾਰੀਆਂ ਨੇ ਕਾਲੇ ਕਪੜੇ ਵਿਚ ਇੰਦਰਾ ਗਾਂਧੀ ਦੇ ਪੁਤਲੇ ਵੀ ਲਪੇਟੇ ਹੋਏ ਸਨ ।

ਇਸ ਤੋਂ ਪਹਿਲੇ ਹਫਤੇ 400 ਦੇ ਲਗਪਗ ਸਿੱਖਾਂ ਨੇ ਮੁਜ਼ਾਹਰਾ ਕੀਤਾ ਸੀ ਜਿਸ ਵਿਚ ਉਹ ਤਲਵਾਰਾਂ ਲਹਿਰਾਂ ਰਹੇ ਸਨ ਜਿਸ ਕਾਰਨ ਉਨ੍ਹਾਂ ਨੂੰ ਵਿੰਨੀਪੈਗ ਵਿਚ ਹੋ ਰਹੇ ਸਾਲਾਨਾ ਅਮਨ ਮਾਰਚ ਵਿਚ ਸ਼ਾਮਲ ਨਹੀਂ ਸੀ ਹੋਣ ਦਿਤਾ ਗਿਆ ।

ਸਿੱਖ ਬੁਲਾਰੇ ਸ. ਕੁਲਦੀਪ ਸਿੰਘ ਨੇ ਕਿਹਾ ਕਿ ਮਾਰਚ ਕਰਨ ਵਾਲੇ ਚੁਪ ਚਾਪ ਤੁਰ ਰਹੇ ਸਨ ਕਿਉਂਕਿ ਉਹ ਚਾਹੁੰਦੇ ਹਨ ਕਿ ਕੈਨੇਡਾ ਦੇ ਲੋਕ ਇਹ ਸਮਝ ਸਕਣ ਕਿ ਸਿੱਖ ਸੰਸਾਰ ਵਿਚ ਸਭ ਤੋਂ ਅਮਨ-ਪਸੰਦ ਲੋਕ ਹਨ। ਸ: ਕੁਲਦੀਪ ਸਿੰਘ ਨੇ ਕਿਹਾ 'ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਉਹ ਨਹੀਂ ਹਾਂ ਜਿਸ ਤਰ੍ਹਾਂ ਪ੍ਰੈਸ ਸਾਨੂੰ ਦਿਖਾਉਂਦਾ ਹੈ ।'

ਉਨ੍ਹਾਂ ਨੀਊਜ਼ ਮੀਡੀਏ ਦੀ ਇਸ ਗੱਲੋਂ ਨਿੰਦਾ ਕੀਤੀ ਕਿ ਪਿਛਲੇ ਮੁਜ਼ਾਹਰੇ ਵੇਲੇ ਉਨ੍ਹਾਂ ਤਲਵਾਰਾਂ ਅਤੇ ਪੁਤਲੇ ਸਾੜਨ ਦੇ ਕੰਮ ਨੂੰ ਵਧਾ ਚੜ੍ਹਾ ਕੇ ਦੱਸਿਆ ।

ਸ: ਕੁਲਦੀਪ ਸਿੰਘ ਨੇ ਦੱਸਿਆ ਕਿ ਪ੍ਰਬੰਧਕਾਂ ਨੂੰ ਪੁਤਲੇ ਸਾੜਨ ਦੀ ਇਜਾਜ਼ਤ ਨਹੀਂ ਦਿੱਤੀ ਗਈ ।

ਸ: ਨਿਰਮਲ ਸਿੰਘ ਨੇ ਬੋਲਦਿਆਂ ਕਿਹਾ ਕਿ 'ਸਾਨੂੰ ਅਤਿਵਾਦੀ ਅਤੇ ਦਹਿਸ਼ਤਪਸੰਦ ਗਰਦਾਨਿਆ ਜਾ ਰਿਹਾ ਹੈ - ਪਰ ਉਹ ਸਰਕਾਰ ਅਤਿਵਾਦੀ ਹੈ ਜੋ ਲੋਕਾਂ ਦੇ ਕਤਲ ਕਰਦੀ ਹੈ, ਜੋ ਲੋਕਾਂ ਨੂੰ ਗ੍ਰਿਫਤਾਰ ਕਰਦੀ ਹੈ।'

ਸ: ਕੁਲਦੀਪ ਸਿੰਘ ਨੇ ਆਪਣੀ ਮੰਗ ਦੁਹਰਾਈ ਕਿ ਕੈਨੇਡਾ ਸਰਕਾਰ ਨੂੰ ਇਕ ਵਫਦ ਭੇਜਣਾ ਚਾਹੀਦਾ ਹੈ ਜੋ ਤੱਥਾਂ ਨੂੰ ਸਾਹਮਣੇ ਲਿਆਏ। ਉਨ੍ਹਾਂ ਕਿਹਾ ਕਿ 2000 ਤੋਂ ਵੱਧ ਸਿੱਖਾਂ ਦਾ ਕਤਲ ਕੀਤਾ ਗਿਆ ਹੈ ।

ਵਿੰਨੀਪੈਗ ਵਿਚ ਅਮਨ ਮਾਰਚ ਦਾ ਇਕ ਦ੍ਰਿਸ਼

ਟੋਰੀ ਐਮ. ਐਲ. ਏ. ਨੂੰ ਮੁਆਫੀ ਮੰਗਣੀ ਪਈ

ਵਿੰਨੀਪੈਗ — ਵਿਰੋਧੀ ਨੇਤਾ ਹੈਰੀ ਇਨਜ਼ ਜੋ ਕਿ ਕੰਨਜ਼ਰਵੇਟਿਵ ਪਾਰਟੀ ਦਾ ਮੈਂਬਰ ਹੈ ਨੇ ਸਿੱਖ ਕਮਿਉਨਿਟੀ ਤੋਂ ਮੁਆਫੀ ਮੰਗੀ ਹੈ ।

ਕਿਹਾ ਜਾਂਦਾ ਹੈ ਕਿ ਲੈਜਿਸਲੇਟਿਵ ਕਮੇਟੀ ਮੀਟਿੰਗ ਵਿਚ ਇਸ ਕੰਨਜ਼ਰਵੇਟਿਵ ਐਮ. ਐਲ. ਏ. ਨੇ ਕਿਹਾ ਸੀ 'ਮੈਨੂੰ ਖੁਸ਼ੀ ਹੋਈ ਹੈ ਕਿ ਇੰਦਰਾ ਗਾਂਧੀ ਨੇ ਹਮਲਾ ਕਰਕੇ 1000 ਸਿੱਖ ਮਾਰ ਦਿਤਾ ਹੈ ਅਤੇ ਸਥਾਨਕ ਸਿੱਖਾਂ ਨੇ ਆ ਕੇ ਤੁਹਾਡੇ ਅਮਨ ਮਾਰਚ ਵਿਚ ਵੀ ਰੁਕਾਵਟ ਪਾਈ ।'

ਇਹ ਗੱਲ ਐਨ. ਡੀ. ਪੀ. ਦੇ ਮੈਂਬਰ ਡੌਨ ਸਕੌਟ ਨੇ ਗਲਬਾਤ ਸਮੇਂ ਸੁਣੀ ਸੀ। ਟੋਰੀ ਐਮ. ਐਲ. ਏ. ਨੇ ਕਿਹਾ ਕਿ ਮੇਰੇ ਗਲਬਾਤ ਨੂੰ ਗਲਤ ਸਮਝ ਲਿਆ ਗਿਆ ਹੈ ।

ਹੈਰੀ ਇਨਜ਼ ਨੇ ਸ: ਕੁਲਦੀਪ ਸਿੰਘ ਤੋਂ ਮੁਆਫੀ ਮੰਗੀ ਹੈ ਪਰ ਪਤਾ ਲੱਗਾ ਹੈ ਕਿ ਟੋਰੀ ਐਮ. ਐਲ. ਏ. ਨੂੰ ਪਬਲਿਕ ਤੌਰ ਤੇ ਮੁਆਫੀ ਮੰਗਣ ਲਈ ਕਿਹਾ ਗਿਆ ਹੈ ।

ਸ਼ੋਕਮਈ ਸੂਚਨਾ

ਵੈਨਕੂਵਰ — ਸ: ਜਗਦੀਸ਼ ਸਿੰਘ ਨੋਟਰੀ ਪਬਲਿਕ ਅਤੇ ਸ: ਸੁਰਜੀਤ ਸਿੰਘ ਬੈਂਸ ਦੇ ਆਦਰਯੋਗ ਪਿਤਾ ਸ: ਸੰਤ ਸਿੰਘ ਜਿਨ੍ਹਾਂ ਦੀ ਉਮਰ 100 ਸਾਲ ਦੀ ਸੀ ਇੰਡੀਆ ਵਿਚ 2 ਜੂਨ 1984 ਨੂੰ ਪ੍ਰਲੋਕ ਸਿਧਾਰ ਗਏ ਹਨ ।

ਸੂਚਨਾ ਅਨੁਸਾਰ ਉਹ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਜਾ ਰਹੇ ਸਨ ਪਰ ਬਦਕਿਸਮਤੀ ਨਾਲ ਫਤਹਿਗੜ੍ਹ ਸਾਹਿਬ ਦੇ ਕੋਲ ਜਾ ਕੇ ਪੁਲੀਸ ਦੀ ਰੋਕ ਥਾਮ ਅਤੇ ਬੇਆਰਾਮੀ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਸ: ਸੰਤ ਸਿੰਘ ਚੰਡੀਗੜ੍ਹ ਰਹਿੰਦੇ ਸਨ ਅਤੇ ਉਨ੍ਹਾਂ ਦਾ ਪਿਛਲਾ ਪਿੰਡ ਕੁਰਾਲੀ ਜ਼ਿਲਾ ਰੋਪੜ ਸੀ ।

'ਕੈਨੇਡਾ ਦਰਪਣ' ਦਾ ਪ੍ਰਬੰਧਕੀ ਸਟਾਫ ਸ: ਜਗਦੀਸ਼ ਸਿੰਘ ਅਤੇ ਸ: ਸੁਰਜੀਤ ਸਿੰਘ ਬੈਂਸ ਦੇ ਪ੍ਰਵਾਰਾਂ ਨਾਲ ਇਸ ਦੁਖਦਾਈ ਘਟਨਾ ਵਿਚ ਸ਼ਾਮਲ ਹੈ ਅਤੇ ਅਸੀਂ ਸਾਰੇ ਦੁਆ ਕਰਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਦੁੱਖੀ ਪ੍ਰਵਾਰਾਂ ਨੂੰ ਦੁੱਖ ਸਹਿਣ ਦਾ ਬਲ ਬਖਸ਼ੇ ।

ਨਿਊਵੈਸਟ ਵਿਚ 10 ਸਾਲਾ ਲੜਕੀ ਸੁਖਰਾਜ ਦੀ ਦੁਖਦਾਈ ਮੌਤ

ਨੀਊਵੈਸਟ — ਨੀਊਵੈਸਟ ਦੇ ਕੁਈਨ ਐਲਿਜ਼ਬੈਥ ਐਲੀਮੈਂਟਰੀ ਸਕੂਲ ਦੀ ਵਿਦਿਆਰਥਣ ਸੁਖਰਾਜ ਦੀ ਦੁਖਦਾਈ ਮੌਤ ਮੂਡੀ ਪਾਰਕ ਦੇ ਪੂਲ ਵਿਚ ਡੁਬਣ ਕਾਰਨ ਹੋ ਗਈ ।

ਸੁਖਰਾਜ ਚੌਥੇ ਗਰੇਡ ਦੀ ਵਿਦਿਆਰਥਣ ਸੀ। ਸੁਖਰਾਜ ਦੇ ਤਲਾਅ ਵਿਚ ਗੁੰਮਣ ਦੀ ਖਬਰ ਉਸ ਦੀ ਭੈਣ ਦਿਲਰਾਜ ਨੇ ਟੀਚਰਾਂ ਤੇ ਲਾਈਫਗਾਰਡਾਂ ਨੂੰ ਦਿੱਤੀ ।

ਨੀਊਵੈਸਟ ਵਿਚ ਇਸ ਤਲਾਅ ਵਿਚ ਅਜਿਹੀ ਦੁਰਘਟਨਾ 1948 ਵਿਚ ਹੋਈ ਦੱਸੀ ਗਈ ਹੈ ।

ਜਵਾਨੀ — ਇਕ ਭੱਠੀ ਜਿਸ ਵਿਚ ਬਚਪਨ ਢਲਦਾ ਹੈ ।
ਬੁਢਾਪਾ — ਧੋਬੀਘਾਟ ਉਤੇ ਪਈ ਕੱਪੜਿਆਂ ਦੀ ਪੰਡ ।

ਜੌਹਨ ਟਰਨਰ ਦੀ ਨਵੀਂ ਕੈਬਨਿਟ ਸਨਿਚਰਵਾਰ ਨੂੰ ਸੌਂਹ ਚੁੱਕੇਗੀ ।

ਪੁੱਤਰ — ਕਿਰਾਏਦਾਰ, ਜੋ ਬਾਅਦ ਵਿਚ ਮਾਲਕ ਮਕਾਨ ਬਣਦਾ ਹੈ ।

ਲੇਖਕਾਂ ਪ੍ਰਤੀ ਬੇਨਤੀ

'ਕੈਨੇਡਾ ਦਰਪਣ' ਦਾ 15 ਅਗਸਤ, 1984 ਦਾ ਅੰਕ 'ਗ਼ਦਰ ਅੰਕ' ਹੋਵੇਗਾ । ਗ਼ਦਰੀਆਂ ਬਾਰੇ ਅਣਛਪਿਆ ਮੈਟਰ ਇਸ ਅੰਕ ਦੀ ਸ਼ੋਭਾ ਹੋਵੇਗਾ । ਅੰਮ੍ਰਿਤਸਰ ਦੇ ਘੱਲੂਘਾਰੇ ਬਾਰੇ ਵਿਸ਼ੇਸ਼ ਲੇਖ ਹੋਣਗੇ। 'ਗ਼ਦਰ ਅੰਕ' ਲਈ ਮੈਟਰ ਭੇਜਣ ਲਈ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੇ ਲੇਖ, ਕਵਿਤਾਵਾਂ, ਕਹਾਣੀਆਂ 31 ਜੁਲਾਈ, 1984 ਤੱਕ ਸਾਡੇ ਤੱਕ ਪਹੁੰਚਾ ਦੇਣ ।

SUNSET PRINTING LTD.
4277 Fraser Street, Vancouver, B.C. V5V 4G1
(604)874-2023

- Bus. Cards
- Envelopes
- Letterheads
- Numbering
- Flyers
- NCR Forms
- Crash Imprints
- Work Orders
- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ
- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

ਪੰਜਾਬ ਦਰਪਣ

ਇੰਦਰਾ ਗਾਂਧੀ ਹਰਿਮੰਦਰ ਸਾਹਿਬ ਪਹੁੰਚੀ

ਅੰਮ੍ਰਿਤਸਰ — ਸ਼ਨਿਚਰਵਾਰ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸ੍ਰੀ ਹਰਿਮੰਦਰ ਸਾਹਿਬ ਗਏ ਅਤੇ ਉਨ੍ਹਾਂ ਆਪਣੇ ਅੱਖੀਂ ਕੰਪਲੈਕਸ ਦੇ ਹੋਏ ਭਾਰੀ ਨੁਕਸਾਨ ਦਾ ਜਾਇਜ਼ਾ ਲਿਆ।

ਪੀ. ਟੀ. ਆਈ. ਦੀ ਖਬਰ ਅਨੁਸਾਰ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਚ ਉਨ੍ਹਾਂ ਉਹ ਟਿਕਾਣਿਆਂ ਦੀ ਨਿਰੀਖਣ ਵੀ ਕੀਤਾ ਜਿਥੋਂ ਗਰਮਦਲੀਏ ਸਿੱਖਾਂ ਨੇ ਫੌਜ ਦਾ ਮੁਕਾਬਲਾ ਕੀਤਾ।

1982 ਤੋਂ ਬਾਅਦ ਸ੍ਰੀਮਤੀ ਗਾਂਧੀ ਦਾ ਇਹ ਅੰਮ੍ਰਿਤਸਰ ਦਾ ਪਹਿਲਾ ਦੌਰਾ ਸੀ। ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਨੇ 1982 ਵਿਚ ਹੀ ਵੱਧ ਅਧਿਕਾਰਾਂ ਲਈ ਆਪਣਾ ਮੋਰਚਾ ਸ਼ੁਰੂ ਕੀਤਾ ਸੀ। ਸ੍ਰੀਮਤੀ ਗਾਂਧੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਿਆ ਤੇ ਪ੍ਰਸ਼ਾਦ ਲਿਆ। ਏਜੰਸੀ ਅਨੁਸਾਰ ਸ੍ਰੀਮਤੀ ਗਾਂਧੀ ਨੇ ਰਾਮਦਾਸ ਸਰੋਵਰ ਵਿਚੋਂ ਪਾਣੀ ਵੀ ਪੀਤਾ। ਏਜੰਸੀ ਨੇ ਕਿਹਾ ਹੈ ਕਿ ਇਸ ਸਰੋਵਰ ਵਿਚੋਂ ਲੜਾਈ ਸਮੇਂ ਕਾਫੀ ਲਾਸ਼ਾਂ ਕੱਢੀਆਂ ਗਈਆਂ ਸਨ।

ਫੌਜੀ ਸੂਤਰਾਂ ਅਨੁਸਾਰ 220 ਫੌਜੀ ਇਸ ਚਾਰ ਦਿਨਾਂ ਹਮਲੇ ਵਿਚ ਮਾਰੇ ਗਏ ਅਤੇ 1000 ਦੇ ਕਰੀਬ ਸਿੱਖ ਸ਼ਹੀਦ ਹੋਏ ਪਰ ਸਿੱਖ ਲੀਡਰਾਂ ਅਨੁਸਾਰ ਇਹ ਗਿਣਤੀ ਅਠਾਰਾਂ ਹਜ਼ਾਰ ਤੱਕ ਦੱਸੀ ਗਈ ਹੈ।

ਦਰਬਾਰ ਸਾਹਿਬ ਦੇ ਹੈਡ ਗਰੰਥੀ ਸਿੰਘ ਸਾਹਿਬ ਸਾਹਿਬ ਸਿੰਘ ਨੇ ਸ੍ਰੀਮਤੀ ਗਾਂਧੀ ਨੂੰ ਇਕ ਲਿਖਤੀ ਦਰਖਾਸਤ ਵਿਚ ਕਿਹਾ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਫੌਜਾਂ ਕੱਢੀਆਂ ਜਾਣ ਅਤੇ ਇਸ ਪਵਿੱਤਰ ਗੁਰਧਾਮ ਨੂੰ ਆਮ ਸੰਗਤਾਂ ਲਈ ਖੋਲ੍ਹ ਦਿਤਾ ਜਾਵੇ।



ਸਿੱਖਾਂ ਦੇ ਮਨਾਂ 'ਚੋਂ ਸ਼ੰਕੇ ਦੂਰ ਕਰਨ ਦੀ ਲੋੜ — ਫਰਨਾਂਡੇਜ਼

ਨਵੀਂ ਦਿੱਲੀ — ਯੂ ਐਨ ਆਈ — ਜਨਤਾ ਪਾਰਟੀ ਵਲੋਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਇਕ ਮੰਗ ਪੱਤਰ ਦਿਤਾ ਗਿਆ ਹੈ ਜਿਸ ਵਿਚ ਪੰਜਾਬ ਦੇ ਹਾਲਾਤ ਆਮ ਵਾਂਗ ਕਰਨ ਲਈ ਅਕਾਲੀ ਨੇਤਾਵਾਂ ਦੀ ਰਿਹਾਈ ਅਤੇ ਅਖਬਾਰਾਂ ਤੇ ਸੈਂਸਰਸ਼ਿਪ ਹਟਾਉਣ ਦੀ ਮੰਗ ਕੀਤੀ ਗਈ ਹੈ।

ਜਨਤਾ ਨੇਤਾ ਸ੍ਰੀ ਜਾਰਜ ਫਰਨਾਂਡੇਜ਼ ਵਲੋਂ ਦਿਤੇ ਗਏ ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਆਪਣੇ ਅਧਿਕਾਰਾਂ ਦੀ ਵਰਤੋਂ ਕਰਕੇ ਸਰਕਾਰ ਨੂੰ ਉਪਰੋਕਤ ਕਦਮ ਚੁੱਕਣ ਲਈ ਮਜਬੂਰ ਕਰੇ।

ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੇ ਮਨਾਂ ਵਿਚੋਂ ਸ਼ੰਕਾ ਦੂਰ ਕਰਨ ਦਾ ਯਤਨ ਕਰਨ ਕਿ ਸਰਕਾਰ ਨੇ ਉਹਨਾ ਵਿਰੁਧ ਲੜਾਈ ਛੇੜ ਦਿਤੀ ਹੈ।

ਉਨ੍ਹਾਂ ਨੇ ਪੰਜਾਬ ਵਿਚ ਫਿਰਕੂ ਸਦਭਾਵਨਾ ਕਾਇਮ ਕਰਨ ਲਈ ਰਾਸ਼ਟਰਪਤੀ ਦੀ ਅਗਵਾਈ ਹੇਠ ਇਕ ਕਮੇਟੀ ਕਾਇਮ ਕਰਨ ਦਾ ਸੁਝਾਉ ਵੀ ਦਿਤਾ।

ਉਨ੍ਹਾਂ ਨੇ ਅਕਾਲੀ ਮੰਗਾਂ ਦੇ ਨਿਪਟਾਰੇ ਲਈ ਕਾਰਵਾਈ ਕਰਨ ਦੀ ਬੇਨਤੀ ਕੀਤੀ।

ਕਾਂਗਰਸ (ਇ) ਨਹੀਂ ਛੱਡ ਰਿਹਾ — ਗਰਚਾ

ਨਵੀਂ ਦਿੱਲੀ — ਦੇਵਿੰਦਰ ਸਿੰਘ ਗਰਚਾ ਜਿਨ੍ਹਾਂ ਪੰਜਾਬ ਵਿਚ ਫੌਜ ਦੀ ਕਾਰਵਾਈ ਵਿਰੁਧ ਰੋਸ ਪ੍ਰਗਟ ਕਰਨ ਲਈ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿਤਾ ਸੀ ਨੇ ਕਾਂਗਰਸ (ਆਈ) ਪਾਰਟੀ ਨਹੀਂ ਛੱਡੀ ਹੈ। ਉਨ੍ਹਾਂ ਪਾਰਟੀ ਪ੍ਰਧਾਨ , ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਭੇਜੀ ਚਿੱਠੀ ਵਿਚ ਇਹ ਗੱਲ ਸਪੱਸ਼ਟ ਕੀਤੀ ਹੈ।

ਇਸ ਤੋਂ ਪਹਿਲਾਂ ਕਾਂਗਰਸੀ ਐਮ.ਪੀ. ਅਮਰਿੰਦਰ ਸਿੰਘ ਨੇ ਲੋਕ ਸਭਾ ਦੇ ਨਾਲ ਨਾਲ ਕਾਂਗਰਸ (ਆਈ) ਤੋਂ ਵੀ ਅਸਤੀਫਾ ਦੇ ਦਿਤਾ ਸੀ।

— ਨਾਗਪੁਰ ਵਿਚ 6 ਆਨਰੇਰੀ ਮੈਜਿਸਟਰੇਟਾਂ ਨੇ ਫੌਜ ਵਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲੇ ਦੇ ਰੋਸ ਵਜੋਂ ਅਸਤੀਫਾ ਦੇ ਦਿੱਤਾ ਹੈ।

ਕਾਰ ਸੇਵਾ ਲਈ ਬਾਬਾ ਖੜਕ ਸਿੰਘ ਨਾਲ ਸੰਪਰਕ

ਅੰਮ੍ਰਿਤਸਰ—(ਪੱਤਰ ਪ੍ਰੇਰਕ)— ਪਤਾ ਲੱਗਾ ਹੈ ਕਿ ਸਰਕਾਰ ਫੌਜੀ ਕਾਰਵਾਈ ਦੌਰਾਨ ਹਰਿਮੰਦਰ ਸਾਹਿਬ ਅਹਾਤੇ 'ਚ ਢੱਠੀਆਂ ਜਾਂ ਨੁਕਸਾਨ ਪੁੱਜੇ ਵਾਲੀਆਂ ਇਮਾਰਤਾਂ, ਜਿੰਨ੍ਹਾਂ 'ਚ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਵੀ ਸ਼ਾਮਲ ਹੈ, ਦੀ ਉਸਾਰੀ ਤੇ ਮੁਰੰਮਤ ਲਈ ਬਾਬਾ ਖੜਕ ਸਿੰਘ ਵਰਗੇ ਕਿਸੇ ਉਘੇ ਸਿੱਖ ਸੰਤ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਯਤਨ ਕਰ ਰਹੀ ਹੈ।

ਵਰਨਣਯੋਗ ਹੈ ਕਿ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਦੀ ਉਸਾਰੀ ਬਾਬਾ ਖੜਕ ਸਿੰਘ ਦੀ ਦੇਖ-ਰੇਖ ਹੇਠ ਹੋਈ। ਤਿੰਨ ਕਰੋੜ ਰੁਪਏ ਤੋਂ ਵੀ ਵੱਧ ਰਕਮ ਨਾਲ ਉਸਾਰੀ ਇਸ ਇਮਾਰਤ ਦਾ ਖਰਚਾ ਦਾਨ ਤੋਂ ਇਕੱਠੀ ਹੋਈ ਰਕਮ ਚੋਂ ਹੋਇਆ ਤੇ ਸਾਰਾ ਕੰਮ ਸ਼ਰਧਾਲੂਆਂ ਦੀ ਕਾਰ ਸੇਵਾ ਨਾਲ ਹੋਇਆ ਇਸ ਕੰਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕੋਈ ਮਦਦ ਨਹੀਂ ਲਈ ਗਈ ਸੀ।

ਲੰਗਰ ਦੀ ਬਹੁਮੰਜ਼ਲੀ ਇਮਾਰਤ ਦੀ ਨਕਸ਼ਾ ਪੰਜਾਬ ਸਰਕਾਰ ਦੇ ਉਘੇ ਇਂਜਨੀਅਰ ਸ੍ਰੀ ਸਤਿੰਦਰ ਸਿੰਘ ਨੇ ਤਿਆਰ ਕੀਤਾ ਸੀ ਜਿਹੜੇ ਉਸ ਸਮੇਂ ਲੋਕ ਨਿਰਮਾਣ ਵਿਭਾਗ(ਕੇਂਦਰੀ ਸਰਕਲ)'ਚ ਸੁਪਰਟੈਂਡਿੰਗ ਇਂਜਨੀਅਰ ਸਨ। ਲਗਭਗ 3-4 ਸਾਲ ਦੇ ਵਕਫੇ ਬਾਅਦ ਸ੍ਰੀ ਸਤਿੰਦਰ ਸਿੰਘ ਦੀ ਨਿਯੁਕਤੀ ਮੁੜ ਇਥੇ ਕੀਤੀ ਗਈ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਕੇਂਦਰੀ ਮੰਤਰੀ ਸ੍ਰੀ ਬੂਟਾ ਸਿੰਘ ਇਥੇ ਆਪਣੇ ਦੌਰੇ ਸਮੇਂ ਸੰਤ ਬਾਬਾ ਖੜਕ ਸਿੰਘ ਤੇ ਕੁਝ ਹੋਰਨਾਂ ਸਿਖ ਸੰਤਾਂ ਨੂੰ ਮਿਲੇ। 90 ਸਾਲਾ ਸੰਤ ਬਾਬਾ ਖੜਕ ਸਿੰਘ ਨਾਲ ਪਿਛਲੇ ਦਿਨਾਂ ਦੌਰਾਨ ਸ੍ਰੀ ਬੂਟਾ ਸਿੰਘ ਦੀ ਇਹ ਦੂਜੀ ਮਿਲਣੀ ਸੀ। ਸੰਤ ਖੜਕ ਸਿੰਘ ਜੀ ਨੇ ਕੇਂਦਰੀ ਮੰਤਰੀ ਨਾਲ ਗੱਲਬਾਤ ਸਮੇਂ ਹਰਿਮੰਦਰ ਸਾਹਿਬ ਅਹਾਤੇ ਦੀਆਂ ਇਮਾਰਤਾਂ ਨੂੰ ਫੌਜੀ ਕਾਰਵਾਈ ਨਾਲ ਪਹੁੰਚੇ ਨੁਕਸਾਨ ਉਤੇ ਗਹਿਰਾ ਦੁੱਖ ਪ੍ਰਗਟ ਕੀਤਾ।

ਇਕ ਹੋਰ ਸੁਝਾਅ ਇਹ ਵੀ ਦਿਤਾ ਜਾ ਰਿਹਾ ਹੈ ਕਿ ਇਸ ਕੰਮ ਲਈ ਹਿੰਦੂ ਜਥੇਬੰਦੀਆਂ ਤੇ ਨੇਤਾ ਵਧ ਚੜ੍ਹ ਕੇ ਹਿਸਾ ਪਾਉਣ। ਇਹ ਕਾਰਵਾਈ ਸਿੱਖਾਂ ਦੇ ਜ਼ਖਮਾਂ ਉਤੇ ਮੁਲ੍ਹਮ ਦਾ ਕੰਮ ਕਰ ਸਕਦੀ ਹੈ। ਇਸ ਸੁਝਾਅ ਅਨੁਸਾਰ ਹਿੰਦੂਆਂ ਨੂੰ ਦਾਨ ਤੇ ਕਾਰ ਸੇਵਾ ਲਈ ਭਾਰੀ ਗਿਣਤੀ 'ਚ ਆਪਣੇ ਆਪ ਨੂੰ ਪੇਸ਼ ਕਰਨਾ ਚਾਹੀਦਾ ਹੈ।

ਅਫਵਾਹਾਂ ਦਾ ਗਰਮ ਬਾਜ਼ਾਰ ਬਰਨਾਲਾ ਵਿੱਚ

ਬਰਨਾਲਾ — ਪਿਛਲੇ ਦਿਨੀਂ ਇਥੇ ਅਫਵਾਹਾਂ ਦਾ ਬਜ਼ਾਰ ਗਰਮ ਰਿਹਾ ਹੈ। ਕੁਝ ਦਿਨ ਸ਼ਹਿਰ ਵਿਚ ਚਰਚਾ ਰਹੀ ਕਿ ਸ਼ਹਿਰ ਦੇ ਕੁਝ ਵਿਅਕਤੀਆਂ ਦੇ ਨਾਵਾਂ ਦੀ ਲਿਸਟ ਅਤਿਵਾਦੀ ਥਾਣੇ ਅੱਗੇ ਚਪਕਾ ਗਏ ਹਨ। ਪੜਤਾਲ ਕਰਨ ਉਤੇ ਪਤਾ ਲਗਾ ਕਿ ਪੁਲੀਸ ਭਰਤੀ ਬਾਰੇ ਸੂਚਨਾ ਦਾ ਇਸ਼ਤਿਹਾਰ

(ਬਾਕੀ ਪੰਨਾ 11 ਤੇ)

ਉਮਰਾਨੰਗਲ ਵਲੋਂ ਭਾਈਚਾਰੇ ਦੀ ਅਪੀਲ

ਜਲੰਧਰ — (ਪੀ.ਟੀ.ਆਈ) ਸੀਨੀਅਰ ਅਕਾਲੀ ਆਗੂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਸਾਰੇ ਦੇਸ਼ਵਾਸੀਆਂ ਤੇ ਖਾਸ ਕਰਕੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਰਾਜ ਦੀ ਮੌਜੂਦਾ ਸਥਿਤੀ ਨੂੰ ਧਿਆਨ 'ਚ ਰਖਦੇ ਹੋਏ ਹਰ ਕੀਮਤ ਉਤੇ ਫਿਰਕੂ ਸਦਭਾਵਨਾ ਤੇ ਭਾਈਚਾਰਾ ਬਣਾਈ ਰੱਖਣ।

ਇਕ ਜਾਰੀ ਕੀਤੇ ਬਿਆਨ ਵਿਚ ਜਥੇਦਾਰ ਉਮਰਾਨੰਗਲ ਨੇ ਕਿਹਾ ਕਿ ਸਾਰੇ ਸਿੱਖਾਂ ਨੂੰ ਉਨ੍ਹਾਂ ਮਹਾਨ ਗੁਰੂਆਂ ਦੀਆਂ ਸਿਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਮਾਨਵਤਾ ਲਈ ਪਿਆਰ ਦਾ ਸੁਨੇਹਾ ਦਿਤਾ।

Nash N.S. Gill

Barrister & Solicitor
Notary Public

Personal injury & I.C.B.C claims, Divorces, Immigration, Estates & Criminal

ਕਾਰ ਐਕਸੀਡੈਂਟ ਵਿੱਚ ਸੱਟ ਲੱਗ ਜਾਣ, ਨਾਲ ਇਨਸ਼ੋਰੈਂਸ ਦੇ ਕੇਸ ਤੇ ਡਾਈਵੋਰਸ-ਇਮੀਗਰੇਸ਼ਨ ਅਤੇ ਅਸਟੇਟ ਦੇ ਕੇਸ ਆਦਿ ਹੈਂਡਲ ਕੀਤੇ ਜਾਂਦੇ ਹਨ ਮਿਲੋ ਜਾਂ ਫੂਨ ਕਰੋ

Bus. 853-9322
Res. 826-8207

New Office located at :
33232 South Fraser Way
Abbotsford, B.C.

VIDEO MART

GUARANTEED CLEAR PRINTS

3369 'A' KINGSWAY (near Joyce) VANCOUVER, 438-3355

ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ। ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ।

FAST SERVICE GUARANTEED MAIL ORDERS ACCEPTED

GUARANTEED PRINTS

ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ

NARINDER JASWAL JOGA S. MANN

THE CANADA DARPAN

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਮਾਹੌਲ ਨੂੰ ਵਿਗੜਨ ਤੋਂ ਬਚਾਈਏ

ਜਿਸ ਤਰ੍ਹਾਂ ਦੇ ਹਾਲਾਤ ਪੰਜਾਬ ਵਿਚ ਪੈਦਾ ਹੋਏ ਹਨ ਅਤੇ ਜਿਸ ਤਰ੍ਹਾਂ ਸਿੱਖ ਧਰਮ ਦੇ ਸ਼ਰਧਾਲੂਆਂ ਲਈ ਇਹ ਸਮਾਂ ਸੰਕਟਮਈ ਬਣਿਆ ਹੈ ਤੇ ਜਿਸ ਤਰ੍ਹਾਂ ਦੀ ਸਰਕਾਰ ਨਾਲ ਸਾਡਾ ਸਭ ਦਾ ਵਾਹ ਪਿਆ ਹੈ - ਇਹ ਹਾਲਾਤ ਨਿਰਸੰਦੇਹ ਭਾਰੀ ਰੰਜਸ਼ ਦਾ ਕਾਰਨ ਬਣੇ ਹਨ ਅਤੇ ਸਿੱਖ ਸੰਗਤਾਂ ਦਾ ਰੋਹ ਪੂਰੀ ਤਰ੍ਹਾਂ ਜਾਇਜ਼ ਹੈ। ਇਹ ਰੋਹ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੋ ਰਿਹਾ ਹੈ। ਉਤਰੀ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਵਿਚ ਥਾਂ ਥਾਂ ਮੁਜ਼ਾਹਰੇ ਹੋਏ ਹਨ ਅਤੇ ਲੋਕਾਂ ਨੇ ਆਪਣੇ ਗੁੱਸੇ ਦਾ ਖੁਲ੍ਹ ਕੇ ਇਜ਼ਹਾਰ ਕੀਤਾ ਹੈ। ਸਿੱਖ ਜਗਤ ਦੀਆਂ ਭਾਵਨਾਵਾਂ ਪੂਰੀ ਤਰ੍ਹਾਂ ਵਲੂੰਧਰੀਆਂ ਗਈਆਂ ਹਨ।

ਇਹ ਸਮਾਂ ਅਜੇਹਾ ਹੈ ਕਿ ਭਾਰਤ ਦੀ ਕੇਂਦਰੀ ਸਰਕਾਰ ਵਿਰੁੱਧ ਲੋਕਾਂ ਵਿਚ ਗੁੱਸਾ ਉਬਲ ਰਿਹਾ ਹੈ। ਸਿੱਖ ਸੰਗਤਾਂ ਗੁਰੂ ਘਰਾਂ ਵਿਚ ਜੁੜਦੀਆਂ ਹਨ ਅਤੇ ਸ਼ਹੀਦ ਸਿੰਘਾਂ ਲਈ ਅਰਦਾਸਾਂ ਕਰਦੀਆਂ ਹਨ। ਪੰਜਾਬ ਤੋਂ ਦਸ ਹਜ਼ਾਰ ਮੀਲ ਦੂਰ ਬੈਠੇ ਲੋਕਾਂ ਲਈ ਇਹ ਅਨਹੋਣੀ ਹੋਰ ਵੀ ਅਸਹਿ ਹੈ।

ਪੰਜਾਬ ਵਿਚੋਂ ਬਾਹਰ ਖਬਰਾਂ ਆਉਣ ਤੇ ਪਾਬੰਦੀ ਮੀਡੀਏ ਲਈ ਵੀ ਮੁਸ਼ਕਲਾਂ ਪੈਦਾ ਕਰ ਰਹੀ ਹੈ। ਜੋ ਵੀ ਖਬਰਾਂ ਪੰਜਾਬ ਬਾਰੇ ਦਿੱਤੀਆਂ ਜਾ ਰਹੀਆਂ ਹਨ - ਉਹ ਚੰਡੀਗੜ੍ਹ ਜਾਂ ਦਿੱਲੀ ਦੇ ਅਖਬਾਰਾਂ ਰਾਹੀਂ ਪੁਜ ਰਹੀਆਂ ਹਨ ਜਾਂ ਸਰਕਾਰੀ ਸੂਤਰਾਂ ਰਾਹੀਂ ਤੇ ਸਰਕਾਰੀ ਸੂਤਰਾਂ ਨੂੰ ਕਿਸੇ ਤਰ੍ਹਾਂ ਵੀ ਭਰੋਸੇਯੋਗ ਨਹੀਂ ਮੰਨਿਆ ਜਾ ਸਕਦਾ। ਬਦੇਸ਼ੀ ਅਖਬਾਰਾਂ ਦੇ ਨੁਮਾਇੰਦੇ ਲੋਕਾਂ ਦੀਆਂ ਸਹੀ ਭਾਵਨਾਵਾਂ ਨੂੰ ਪਛਾਨਣ ਦੇ ਅਸਮਰੱਥ ਰਹਿੰਦੇ ਹਨ। ਇਸੇ ਕਰਕੇ ਇਥੇ ਪਾਠਕਾਂ ਵਿਚ ਮੀਡੀਏ ਬਾਰੇ ਵੀ ਵੱਖ ਵੱਖ ਰਾਵਾਂ ਬਣਦੀਆਂ ਰਹਿੰਦੀਆਂ ਹਨ। ਮੀਡੀਏ ਨੇ ਉਹੀ ਕੁਝ ਛਾਪਣਾ ਹੈ ਜੋ ਉਸ ਨੂੰ ਵੱਖ ਵੱਖ ਏਜੰਸੀਆਂ ਰਾਹੀਂ ਪ੍ਰਾਪਤ ਹੋਣਾ ਹੈ। ਤੇ ਜਦੋਂ ਮੀਡੀਆ ਸੁਣੀਆਂ ਸੁਣਾਈਆਂ ਖਬਰਾਂ ਛਾਪਦਾ ਹੈ ਤਾਂ ਉਸਦੇ ਸਿੱਟੇ ਮੁਆਫੀਆਂ ਵਿਚ ਨਿਕਲਦੇ ਹਨ। ਕਈਆਂ ਅਖਬਾਰਾਂ ਨੇ ਗਲਤ ਖਬਰਾਂ ਪ੍ਰਕਾਸ਼ਤ ਕੀਤੀਆਂ ਅਤੇ ਸਹੀ ਖਬਰਾਂ ਮਿਲਣ ਤੇ ਉਨ੍ਹਾਂ ਨੂੰ ਸ਼ਰਮਸਾਰ ਹੋਣਾ ਪਿਆ। ਇਸ ਲਈ ਮੀਡੀਏ ਨੂੰ ਦੋਸ਼ੀ ਠਹਿਰਾਉਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ।

ਦੂਜੇ ਬਦੇਸ਼ਾਂ ਵਿਚ ਰਹਿੰਦਿਆਂ ਸਾਡੇ ਤੇ ਕੁਝ ਸਭਿਆਚਾਰਕ ਤੇ ਸਮਾਜਕ ਬੰਦਸ਼ਾਂ ਵੀ ਲਾਗੂ ਹੁੰਦੀਆਂ ਹਨ ਅਤੇ ਖਾਸ ਕਰ ਕੈਨੇਡਾ ਵਰਗੇ ਮੁਲਕ ਵਿਚ ਜਿਥੇ ਸੌ ਤੋਂ ਵੱਧ ਕੌਮੀਅਤਾਂ ਦੇ ਲੋਕ ਬਾਹਰੋਂ ਆਏ ਹੋਏ ਹਨ। ਸਾਡੇ ਜਿਥੇ ਜਜ਼ਬਾਤੀ ਸਬੰਧ ਆਪਣੀ ਮਾਂ-ਭੂਮੀ ਨਾਲ ਹਨ, ਉਥੇ ਆਰਥਕ ਤੇ ਸਮਾਜਕ ਸਬੰਧ ਇਸ ਮੁਲਕ ਨਾਲ ਵੀ ਜੁੜੇ ਹੋਏ ਹਨ। ਇਸ ਲਈ ਸਾਨੂੰ ਅਜਿਹੇ ਮਾਹੌਲ ਵਿਚ ਵਿਚਰਦਿਆਂ ਹੋਰ ਵੀ ਚੇਤੰਨ ਹੋ ਕੇ ਰਹਿਣਾ ਪੈਂਦਾ ਹੈ ਤਾਂ ਕਿ ਜੋ ਕੰਮ ਜਾਂ ਤਰੀਕੇ ਅਸੀਂ ਅਪਣਾਉਂਦੇ ਹਾਂ ਉਨ੍ਹਾਂ ਦਾ ਮਾੜਾ ਪ੍ਰਭਾਵ ਏਥੇ ਵਸਦੇ ਲੋਕਾਂ ਤੇ ਨਾ ਪਵੇ। ਤੇ ਸਾਡੇ ਬਾਰੇ ਇਹ ਠੀਕ ਪ੍ਰਭਾਵ ਲੈਣ ਨਾ ਕਿ ਸਾਨੂੰ ਗਲਤ ਸਮਝ ਕੇ ਸਾਡੇ ਵਿਰੁਧ ਮਾਹੌਲ ਪੈਦਾ ਹੋਵੇ।

ਇਸ ਗੰਭੀਰ ਸਮੇਂ ਨੂੰ ਗੰਭੀਰਤਾ ਨਾਲ ਲੈਣਾ ਹੀ ਸਾਡਾ ਸਭ ਦਾ ਫਰਜ਼ ਬਣਦਾ ਹੈ। ਇਹ ਨਾ ਹੋਵੇ ਕਿ ਇਥੇ ਸਾਡੇ ਵਿਰੁਧ ਹੀ ਪ੍ਰਚਾਰ ਸ਼ੁਰੂ ਹੋ ਜਾਵੇ ਅਤੇ ਅਸੀਂ ਸਭ ਦੀ ਹਮਦਰਦੀ ਗੁਆ ਬੈਠੀਏ।

ਕਲਮ — ਕੁੜੀ, ਜਿਸ ਨੂੰ ਨੱਕ ਨਾਲ ਲਕੀਰਾਂ ਕੱਢਣ ਦੀ ਸਜ਼ਾ ਮਿਲੀ ਹੋਈ ਹੈ।
ਇਨਸਾਫ — ਟੀਕਾ, ਜੋ ਗਲਤ ਲੱਗ ਜਾਏ ਤਾਂ ਡਾਕਟਰ ਦੀ ਬਦਨਾਮੀ।
ਲੀਡਰ — ਸਵਿਚ ਬਟਨ, ਜਿਸ ਨੂੰ ਦੱਬ ਕੇ ਰੱਖੋ ਤਾਂ ਕੰਮ ਕਰਦਾ ਹੈ।

'ਕੈਨੇਡਾ ਦਰਪਣ' ਦੇ ਸੁਹਿਰਦ ਪਾਠਕਾਂ ਤੋਂ ਖਿਮਾਂ

ਕੁਝ ਕੁ ਪ੍ਰਬੰਧਕੀ ਕਾਰਨਾਂ ਕਰਕੇ 'ਕੈਨੇਡਾ ਦਰਪਣ' ਨੂੰ ਕੁਝ ਸਮੇਂ ਲਈ ਪੰਦਰਾਂ ਰੋਜ਼ਾ ਵਿਚ ਤਬਦੀਲ ਕਰਨਾ ਪੈ ਰਿਹਾ ਹੈ। ਸਾਡੀ ਕੋਸ਼ਿਸ਼ ਹੈ ਕਿ ਜਲਦੀ ਹੀ ਮੁੜ ਇਸ ਨੂੰ ਹਫਤਾਵਾਰੀ ਕਰ ਦਿਤਾ ਜਾਵੇ। ਜਿਸ ਤਰ੍ਹਾਂ ਦਾ ਸੁਹਿਰਦ ਸਹਿਯੋਗ ਸਾਡੇ ਪਾਠਕਾਂ ਨੇ ਹਮੇਸ਼ਾਂ ਸਾਨੂੰ ਦਿਤਾ ਹੈ ਅਤੇ ਪਿਛਲੇ ਕੁਝ ਮਹੀਨਿਆਂ ਵਿਚ ਇਸ ਦੀ ਦੁਗਣੀ ਹੋ ਗਈ ਇਸ਼ਾਇਤ ਇਸ ਦੇ ਹਰਮਨ ਪਿਆਰੇ ਹੋਣ ਦਾ ਸਬੂਤ ਹੈ, ਉਸੇ ਸਹਿਯੋਗ ਦੀ ਆਸ ਅਸੀਂ ਆਪਣੇ ਗੰਭੀਰ ਪਾਠਕਾਂ ਤੋਂ ਕਰਦੇ ਹਾਂ। ਪ੍ਰਬੰਧਕੀ ਮਜਬੂਰੀਆਂ ਦੇ ਬਾਵਜੂਦ ਪੰਜਾਬ ਦੀ ਦੁਖਦਾਈ ਹਾਲਤ ਕਾਰਨ ਅਸੀਂ ਇਸ ਨੂੰ ਪਾਠਕਾਂ ਤੱਕ ਪਹੁੰਚਾਂਦੇ ਰਹੇ ਹਾਂ ਅਤੇ ਸਾਡੀ ਗੰਭੀਰ ਕੋਸ਼ਿਸ਼ ਹੈ ਕਿ ਜਲਦੀ ਹੀ ਮੁੜ ਇਸ ਨੂੰ ਹਫਤਾਵਾਰੀ ਕਰ ਸਕੀਏ।

5,6 ਜੂਨ 1949 ਦਾ ਸਾਕਾ
ਜਦੋਂ ਪੰਜਾਬ ਪੁਲਸ ਜੋੜਿਆਂ ਸਮੇਤ ਹਰਿਮੰਦਰ ਸਾਹਿਬ ਦੀ ਪਰਕਰਮਾਂ ਤੱਕ ਚਲੀ ਗਈ ਤੇ ਪੁਲਸ ਨੇ ਗੋਲੀਆਂ ਦੀ ਵਰਖਾ ਕੀਤੀ

ਕੇਸਰ ਸਿੰਘ ਨਾਵਲਿਸਟ

ਦੇਸ ਦੀ ਆਜ਼ਾਦੀ ਪਿਛੋਂ ਸਿੱਖ-ਆਗੂ ਦੋ ਧੜਿਆਂ ਵਿਚ ਵੰਡੇ ਗਏ। ਇਕ ਧੜਾ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਾ ਸੀ ਜੋ ਕਾਂਗਰਸ ਵਿਚ ਰਲਣ ਦੇ ਵਿਰੁਧ ਸੀ। ਦੂਜਾ ਧੜਾ ਸੀ ਜਥੇਦਾਰਾਂ ਦਾ। ਇਸ ਜਥੇ ਦੇ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਜਥੇਦਾਰ ਸੋਹਣ ਸਿੰਘ ਜਲਾਲਉਸਮਾ, ਜਥੇਦਾਰ ਮੋਹਣ ਸਿੰਘ ਨਾਗੋਕੇ, ਜਥੇਦਾਰ ਬਸੰਤ ਸਿੰਘ ਮੋਗਾ ਤੇ ਉਨ੍ਹਾਂ ਦੇ ਸਾਥੀ ਸਨ। ਇਹ ਧੜਾ ਕਾਂਗਰਸ ਵਿਚ ਮਿਲ ਕੇ ਕੁਰਸੀਆਂ ਸੰਭਾਲਣ ਦਾ ਇੱਛਕ ਸੀ।

ਪਿਛਲੀ ਪਈ ਪਿਰਤ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਉਮੀਦਵਾਰ — ਅਹੁਦੇਦਾਰਾਂ ਦੀ ਚੋਣ ਸ਼੍ਰੋਮਣੀ ਅਕਾਲੀ ਦਲ ਕਰਦਾ ਸੀ ਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਵੇਲੇ ਅਕਾਲੀ ਦਲ ਦੇ ਸਭ ਨੁਮਾਇੰਦੇ ਉਨ੍ਹਾਂ ਪ੍ਰਤੀਨਿਧਾਂ ਨੂੰ ਵੋਟ ਪਾਉਂਦੇ ਸਨ। ਇਸ ਵਾਰੀ ਫੁਟ ਪੈ ਜਾਣ ਦੇ ਕਾਰਨ ਜਥੇਦਾਰਾਂ ਦੇ ਧੜੇ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਬਗਾਵਤ ਕਰ ਦਿਤੀ। ਜਥੇਦਾਰਾਂ ਨੂੰ ਅਕਾਲੀ ਦਲ ਵਿਚੋਂ ਕੱਢ ਦਿਤਾ ਗਿਆ। ਨਤੀਜਾ ਇਹ ਹੋਇਆ ਕਿ ਅਕਾਲੀ ਦਲ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਪ੍ਰਧਾਨਗੀ ਲਈ ਖੜਾ ਕਰ ਦਿਤਾ। ਜਥੇਦਾਰਾਂ ਦੇ ਧੜੇ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਮੁਕਾਬਲੇ ਵਿਚ ਖੜੇ ਹੋਣ ਲਈ ਮਨਾ ਲਿਆ। ਚੋਣ ਵਿਚ ਮਾਸਟਰ ਜੀ ਹਾਰ ਗਏ। ਜਥੇਦਾਰ ਨਾਗੋਕੇ ਪ੍ਰਧਾਨ ਬਣ ਗਿਆ। ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਹੋ ਜਾਣ ਕਰਕੇ ਸਾਰੇ ਗੁਰਦੁਆਰੇ ਜਥੇਦਾਰਾਂ ਦੇ ਧੜੇ ਦੇ ਹੱਥ ਵਿਚ ਆ ਗਏ। ਜਥੇਦਾਰ ਤੇ ਕਾਂਗਰਸ ਇਕ ਮਿਕ ਹੋ ਗਏ। ਸਰਕਾਰੀ ਧੜੇ ਦਾ ਗੁਰਧਾਮਾਂ ਉਤੇ ਕਬਜ਼ਾ ਵੇਖਕੇ ਸੰਗਤ ਉਠ ਖਲੋਤੀ। ਜਥੇਦਾਰਾਂ ਦੇ ਖਿਲਾਫ ਹਰ ਰੋਜ਼ ਮੁਜ਼ਾਹਰੇ ਹੋਣ ਲੱਗੇ।

ਖਿਆਲ ਆਉਂਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਗੁਰਪੁਰਬ ਨੇੜੇ ਸੀ। ਸ਼ਹਿਰ ਦੇ ਗੁਰਸਿਖ ਨੌਜਵਾਨ ਹਰ ਰੋਜ਼ ਮੁਜ਼ਾਹਰੇ ਕਰਨ ਲੱਗ ਪਏ। ਦੂਜੇ ਪਾਸੇ ਜਥੇਦਾਰਾਂ ਦੀਆਂ ਮਾਂਗਵੀਆਂ ਧਾੜਾਂ ਡਾਂਗਾਂ ਉਲਾਰ ਉਲਾਰ ਕੇ ਉਨ੍ਹਾਂ ਨੂੰ ਡਰਾਂਦੀਆਂ।

ਇਸ ਤੋਂ ਕੁਝ ਸਮਾਂ ਪਹਿਲੋਂ ਮਾਸਟਰ ਤਾਰਾ ਸਿੰਘ ਜੀ ਤੇ ਸਰਦਾਰ ਪਟੇਲ ਵਿਚ ਠਣ ਗਈ ਸੀ। ਅਕਾਲੀ ਦਲ ਨੇ ਦਿੱਲੀ ਜਨਰਲ ਹਾਊਸ ਦੀ ਮੀਟਿੰਗ ਰਖੀ। ਨਰੇਲੇ ਸਟੇਸ਼ਨ ਉਤੇ ਮਾਸਟਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਵਰਕਿੰਗ ਕਮੇਟੀ ਤੇ ਅੰਡਿਮ ਕਮੇਟੀ ਦੇ ਮੈਂਬਰ ਵੀ ਫੜ ਲਏ ਗਏ। ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਬਚ ਨਿਕਲੇ ਤੇ ਰਫੂ ਚੱਕਰ ਹੋ ਗਏ ਸਨ।

ਜਥੇਦਾਰਾਂ ਦੇ ਉਲਟ ਹਰ ਰੋਜ਼ ਮੁਜ਼ਾਹਰੇ ਹੁੰਦੇ ਸਨ। ਇਕ ਦਿਨ ਉਨ੍ਹਾਂ ਪੁਲਸ ਸੱਦ ਲਈ। ਸੰਗਤਾਂ ਦਾ ਹਜੂਮ ਵਧਦਾ ਵਧਦਾ ਲਗਪਗ ਪੰਜਾਹ ਹਜ਼ਾਰ ਤੱਕ ਪਹੁੰਚ ਗਿਆ। ਪਰਕਰਮਾਂ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਆਲੇ ਦੁਆਲੇ ਦੀਆਂ ਛੱਤਾਂ ਉਤੇ ਖੜੇ ਲੋਕ ਜਥੇਦਾਰਾਂ ਦੇ ਉਲਟ ਨਾਹਰੇ ਲਾ ਰਹੇ ਸਨ। ਲੋਕਾਂ ਨੇ ਪਥਰਾਓ ਕਰਨ ਲਈ ਪੱਥਰਾਂ ਦੇ ਢੇਰ ਲਾਏ ਹੋਏ ਸਨ।

ਨੌਜਵਾਨਾਂ ਨੇ ਜੋਸ਼ ਵਿਚ ਆ ਕੇ ਪੁਲਸ ਤੇ ਸਰਕਾਰ ਦੇ ਖਿਲਾਫ ਵੀ ਨਾਹਰੇ ਲਾਉਣੇ ਅਰੰਭ ਦਿਤੇ। ਪੁਲਸ ਤੇ ਨੌਜਵਾਨ ਆਹਮੋ ਸਾਹਮਣੇ ਖੜੇ ਸਨ। ਦੋਹੀਂ ਪਾਸੀਂ ਤੈਸ਼ ਵਧ ਰਿਹਾ ਸੀ। ਜਥੇਦਾਰ ਸੋਹਣ ਸਿੰਘ ਜਲਾਲਉਸਮਾ, ਗੁਰੂ ਕੇ ਲੰਗਰ ਪਾਸ ਖਲੋਤਾ ਮਾਂਗਵੀ ਧਾੜ ਦੇ ਸਹਾਰੇ, ਧਮਕੀਆਂ ਦੇ ਰਿਹਾ ਸੀ। ਅਚਾਨਕ ਹੀ ਪੁਲਸ ਨੇ ਧਾਵਾ ਕਰ ਦਿਤਾ। ਕੁਝ ਪੁਲਸੀਏ ਬੂਟਾਂ ਸਮੇਤ ਮੰਜੀ ਸਾਹਿਬ ਤੱਕ ਪਹੁੰਚ ਗਏ। ਫਿਰ ਉਨ੍ਹਾਂ ਸੰਗਤਾਂ ਨੂੰ ਡਰਾਉਣ ਲਈ ਗੋਲੀ ਚਲਾ ਦਿਤੀ। ਉਹ ਗੋਲੀਆਂ ਲੋਕਾਂ ਦੇ ਸਿਰਾਂ ਤੋਂ ਬਹੁਤ ਉਚੀਆਂ ਚਲਾਂਦੇ ਰਹੇ।

ਇਕ ਪਾਸਿਓਂ ਪੈ ਕੇ ਸਿੱਖ ਨੌਜਵਾਨਾਂ ਨੇ ਸੀਨੀਅਰ ਸੁਪਰਡੈਂਟ ਪੁਲਸ ਚੌਧਰੀ ਰਾਮ ਸਿੰਘ ਨੂੰ ਘੇਰ ਲਿਆ ਤੇ ਧੱਕ ਮਧੱਕਾ ਕਰਦੇ ਉਸਨੂੰ ਪਰਕਰਮਾਂ ਵਿਚ ਲੈ ਗਏ। ਉਹ ਪੈਰੋਂ ਨੰਗਾ ਸੀ। ਇਕ ਸਿਆਣੇ ਸਿੱਖ ਦੇ ਕਹਿਣ ਤੇ ਨੌਜਵਾਨਾਂ ਨੇ ਉਸਨੂੰ ਘੇਰੇ ਵਿਚੋਂ ਛੁਡਾ ਦਿਤਾ। ਚੌਧਰੀ ਨੂੰ ਗੁੰਮ ਵੇਖ ਕੇ ਪੁਲਸ ਘਬਰਾ ਗਈ। ਸਭ ਪਾਸੀਂ ਹਫੜਾ ਦਫੜੀ ਪਈ ਹੋਈ ਸੀ। ਜਾਪਦਾ ਹੈ ਕਿ ਪੁਲਸ ਨੇ ਡਰਾਉਣ ਲਈ ਗੋਲੀ ਚਲਾਈ ਸੀ। ਇਸ ਲਈ ਦੋਹਾਂ ਪਾਸਿਆਂ ਤੋਂ ਕੋਈ ਜ਼ਖਮੀ ਨਾ ਹੋਇਆ। ਰਾਤ ਪੈ ਗਈ।

ਪੁਲਸ ਦੇ ਕਾਬੂ ਤੋਂ ਬਾਹਰ ਨਿਕਲਦੀ, ਗਲ ਤਾੜਕੇ ਡਿਪਟੀ ਕਮਿਸ਼ਨਰ ਨਰਿੰਦਰ ਸਿੰਘ ਨੇ ਫੌਜ ਸਦ ਲਈ। ਬ੍ਰਗੇਡੀਅਰ ਮਹਿੰਦਰ ਸਿੰਘ ਚੋਪੜਾ, ਸਵਾ ਛੇ ਫੁੱਟ ਜਵਾਨ, ਸ਼੍ਰੋਮਣੀ ਕਮੇਟੀ ਦੇ ਦਫਤਰ ਅਗੇ ਖਲੋਤਾ ਰੌਲਾ ਪਾ ਰਿਹਾ ਸੀ। ਘਰਾਂ ਦੀਆਂ ਛੱਤਾਂ ਉਤੇ ਖਲੋਤੇ ਲੋਕ ਜੋਸ਼ ਵਿਚ ਆਏ ਹੋਏ ਸਨ। ਰਾਤ ਲੰਘ ਗਈ ਸੀ ਤੇ ਸਵੇਰ ਸਾਰ ਫੇਰ ਚਾਲੀ ਪੰਜਾਹ ਹਜ਼ਾਰ ਲੋਕ ਪਰਕਰਮਾਂ ਵਿਚ ਤੇ ਆਲੇ ਦੁਆਲੇ ਵਿਚ ਇਕੱਠੇ ਹੋ ਗਏ ਸਨ। ਜਥੇਦਾਰਾਂ ਦੀ ਮਾਂਗਵੀ ਧਾੜ ਕਿਧਰੇ ਗੁੰਮ ਹੋ ਗਈ ਸੀ। ਜਥੇਦਾਰ ਵੀ ਕਿਧਰੇ ਲੁਕੇ ਬੈਠੇ ਸਨ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਦਫਤਰਾਂ ਨੂੰ ਮਦਰਾਸੀ ਪੁਲਸ ਨੇ ਘੇਰਾ ਪਾਇਆ ਹੋਇਆ ਸੀ। ਗੁਰਦੁਆਰਾ ਬਾਬਾ ਅਟੱਲ ਅੰਦਰ ਜਾਣ ਵਾਲਾ ਰਾਹ ਉਨ੍ਹਾਂ ਰੋਕਿਆ ਹੋਇਆ ਸੀ। ਸੰਗਤਾਂ ਉਹ ਰਾਹ ਖੋਲ੍ਹਣੀਆਂ ਚਾਹੁੰਦੀਆਂ ਸਨ।

ਜਦ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਅੰਦਰ ਜਾਣ ਲਗਾ ਤਾਂ ਉਨ੍ਹਾਂ ਤੈਮਲ ਫੌਜੀਆਂ ਨੇ ਮੈਨੂੰ ਵੀ ਰੋਕ ਲਿਆ। ਨੌਜਵਾਨਾਂ ਨੇ ਪੰਜਾਬ ਸਰਕਾਰ ਦੇ ਉਲਟ ਤੇ ਪੰਥ ਖਾਲਸਾ ਜ਼ਿੰਦਾਬਾਦ ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿਤੇ। ਬ੍ਰਗੇਡੀਅਰ ਚੋਪੜਾ ਦੀ ਨਜ਼ਰ ਮੇਰੇ ਉਤੇ ਪੈ ਗਈ। ਉਸ ਨੂੰ ਕਿਸੇ ਤਰ੍ਹਾਂ ਪਤਾ ਲਗ ਗਿਆ ਕਿ ਮੈਂ ਸ਼੍ਰੋਮਣੀ ਅਕਾਲੀ ਦਲ ਦਾ ਸੇਵਾਦਾਰ ਸਕੱਤਰ ਹਾਂ। ਉਸ ਨੇ ਮੇਰੇ ਸਾਹਮਣੇ ਖਲੋ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ — "ਪੰਥ ਖਾਲਸਾ, ਮੈਨੂੰ ਬਚਾਓ। ਮੈਂ ਮਾਰਿਆ ਗਿਆ। ਮੇਰੀ ਬਹੁੜੀ ਕਰੋ। ਮੇਰੇ ਸਿਰ ਉਤੇ ਹੱਥ ਰੱਖੋ। ਮੈਨੂੰ ਨਰੈਣੂ ਮਹੰਤ ਨਾਲ ਨਾ ਰਲਾਓ। ਮੈਨੂੰ ਕਰਤਾਰੂ ਸ਼ੇਰਾ ਨਾ ਕਹੋ। ਮੇਰਾ ਖਾਨਦਾਨ ਤਬਾਹ ਹੋ ਜਾਏਗਾ। ਬਚਾਓ ਬਚਾਓ।"

ਬ੍ਰਗੇਡੀਅਰ ਦਾ ਵਾਵੇਲਾ ਸੁਣ ਕੇ ਮੇਰੇ ਰੌਂਗਟੇ ਖੜੇ ਹੋ ਗਏ। ਮੈਂ ਉਚੀ ਥਾਂ ਖਲੋ ਕੇ ਕਿਹਾ — "ਸਾਧ ਸੰਗਤ ਜੀ। ਇਹ ਬ੍ਰਗੇਡੀਅਰ ਸਿੱਖ ਹੈ। ਇਸ ਨੂੰ ਨਰੈਣੂ ਤੇ ਕਰਤਾਰੂ ਸ਼ੇਰਾ ਨਾ ਕਹੋ। ਇਸ ਸਿੱਖ ਦੇ ਅੰਦਰ ਸਿਖੀ ਸਿਦਕ ਤੇ ਸਿਖੀ ਜਜ਼ਬਾ ਹੈ।"

ਵਿਚੋਂ ਹੀ ਨਾਹਰੇ ਲੱਗਣ ਪਏ — "ਬ੍ਰਗੇਡੀਅਰ ਚੋਪੜਾ ਜ਼ਿੰਦਾਬਾਦ, ਬ੍ਰਗੇਡੀਅਰ ਮਹਿੰਦਰ ਸਿੰਘ ਅਮਰ ਰਹੇ।" ਫਿਰ ਕੀ ਸੀ। ਲੋਕ ਘਰਾਂ ਨੂੰ ਮੁੜਨ ਲਗ ਪਏ। ਉਸੇ ਸ਼ਾਮ ਠੰਢ ਠੰਢੋਰਾ ਹੋ ਗਿਆ। ਦੂਜੀ ਸਵੇਰ ਨੂੰ ਫੌਜ ਵਾਪਸ ਬੁਲਾ ਲਈ ਗਈ।

ਓਦੋਂ ਭੀਮ ਸੈਨ ਸੱਚਰ, ਚੀਫ ਮਨਿਸਟਰ ਸੀ। ਜਦ ਉਸ ਨੂੰ ਪੂਰੀ ਪੂਰੀ ਰਿਪੋਰਟ ਮਿਲੀ ਤਾਂ ਉਹ ਆਪ ਬਜ਼ਾਰ ਵਿਚ ਹੀ ਕਾਰ ਖੜੀ ਕਰਕੇ ਨੰਗੇ ਪੈਰੀਂ ਸ਼੍ਰੋਮਣੀ ਕਮੇਟੀ ਦੇ ਦਫਤਰ ਅੱਗੇ ਆ ਖਲੋਤਾ। ਅਸੀਂ ਉਸਨੂੰ ਅਗੇ ਹੋ ਕੇ ਮਿਲੇ ਇਕ ਦਮ ਹਜ਼ਾਰਾਂ ਲੋਕ ਇਕੱਠੇ ਹੋ ਗਏ। ਉਸ ਨੇ ਹੱਥ ਜੋੜ ਕੇ ਹਰਿਮੰਦਰ ਸਾਹਿਬ ਵੱਲ ਸਿਰ ਝੁਕਾਇਆ ਤੇ ਨਿਮਰਤਾ ਭਰੇ ਲਹਿਜੇ ਵਿਚ ਕਿਹਾ— "ਸਾਧ ਸੰਗਤ ਜੀ। ਮੇਰੀ ਮਾਂ ਸੁਖਮਨੀ ਸਾਹਿਬ ਦਾ ਪਾਠ ਕਰਦੀ ਹੈ। ਮੈਂ ਧਿਆਨ ਲਾ ਕੇ ਕਦੇ ਕਦੇ ਸੁਣਦਾ ਹਾਂ। ਮੈਨੂੰ ਬੜਾ ਆਨੰਦ ਆਉਂਦਾ ਹੈ। ਜਿਹੜੀ ਬੇਅਦਬੀ ਹਰਿਮੰਦਰ ਸਾਹਿਬ ਦੀ ਹੋਈ ਹੈ ਉਸ ਨਾਲ ਮੇਰਾ ਮਨ ਤੜਫ ਉਠਿਆ ਹੈ। ਇਹ ਗੱਲ ਮੇਰੀ ਗਿਆਤ ਤੋਂ ਬਾਹਰ ਹੋਈ ਹੈ, ਮੈਂ ਨੰਗੇ ਪੈਰੀਂ ਤੁਰ ਕੇ ਆਇਆ ਹਾਂ। "ਜੋ ਸਰਨ ਆਵੈ ਤਿਸ ਕੰਠ ਲਾਵੈ" ਦੇ ਹੁਕਮ ਅਨੁਸਾਰ ਮੈਂ ਸਾਧ ਸੰਗਤ ਦੀ ਸ਼ਰਨ ਆ ਗਿਆ ਹਾਂ। ਅਜਿਹੀ ਭੁਲ ਅੱਗੋਂ ਕਦੇ ਨਹੀਂ ਹੋਵੇਗੀ।"

ਸਚਰ ਸਾਹਿਬ-ਸਚਰ ਸਾਹਿਬ- ਜ਼ਿੰਦਾਬਾਦ, ਜ਼ਿੰਦਾਬਾਦ ਦੇ ਨਾਹਰਿਆਂ ਨਾਲ ਅਕਾਸ਼ ਗੂੰਜ ਉਠਿਆ।

ਜਦ ਭੀਮ ਸੈਨ ਸੱਚਰ, ਚੁਬੱਚੇ ਵਿਚ ਪੈਰ ਧੋ ਕੇ ਅਗੇ ਵਧ ਰਹੇ ਸਨ ਤਾਂ ਇਕ ਜੋਸ਼ੀਲੇ ਸਿੱਖ ਨੇ ਉਨ੍ਹਾਂ ਦੇ ਅਗੇ ਖਲੋ ਕੇ ਕਿਹਾ— "ਸੱਚਰ ਸਾਹਿਬ! ਗਾਂਧੀ ਟੋਪੀ ਲਾਹ ਕੇ ਕੇਸਰੀ ਰੁਮਾਲ ਨਾਲ ਸਿਰ ਢਕ ਲਵੋ।" ਸੱਚਰ ਨੇ ਮੁਸਕਰਾ ਕੇ ਟੋਪੀ ਲਾਹ ਕੇ ਚੌਧਰੀ ਯਾਮ ਸਿੰਘ ਦੇ ਹੱਥ ਵਿਚ ਫੜਾ ਕੇ ਕੇਸਰੀ ਰੁਮਾਲ ਨਾਲ ਸਿਰ ਢਕ ਲਿਆ।

ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਜਦ ਸੱਚਰ ਸਾਹਿਬ ਤੇ ਉਨ੍ਹਾਂ ਦੇ ਸਾਥੀ ਵਾਪਸ ਮੁੜੇ ਤਾਂ ਉਨ੍ਹਾਂ ਦੀ ਚਾਹ ਪਾਣੀ ਨਾਲ ਸੇਵਾ ਕੀਤੀ ਗਈ। ਗੱਲਾਂ ਗੱਲਾਂ ਵਿਚ ਸੀਨੀਅਰ ਸੁਪਰਡੈਂਟ ਚੌਧਰੀ ਰਾਮ ਸਿੰਘ ਨੇ ਹਸਦਿਆਂ ਮੇਰੇ ਵਲ ਇਸ਼ਾਰਾ ਕਰਕੇ ਕਿਹਾ— "ਸਚਰ ਸਾਹਿਬ ਅਗਰ ਯਹਿ ਸਰਦਾਰ ਸਾਹਿਬ ਨਹੀਂ ਹੋਤੇ ਤੋ ਮੇਰੀ ਬੀਵੀ ਕਭੀ ਕੀ ਵਿਧਵਾ ਹੋ ਗਈ ਹੋਤੀ।" ਸਭ ਪਾਸੀਂ ਹਾਸਾ ਪੈ ਗਿਆ।

ਚੌਧਰੀ ਨੂੰ ਬਚਾਉਣ ਵਾਲਾ ਸਿੰਘ ਵੀ ਉਥੇ ਹੀ ਖੜਾ ਸੀ। ਮੈਂ ਦੱਸਿਆ— "ਚੌਧਰੀ ਸਾਹਿਬ। ਤੁਹਾਨੂੰ ਮੇਰੇ ਪਾਸ ਖਲੋਤੇ ਸਰਦਾਰ ਜੀ ਨੇ ਬਚਾਇਆ ਸੀ। ਮੈਂ ਤਾਂ ਉਥੇ ਹੈ ਹੀ ਨਹੀਂ ਸਾਂ।"

5 ਤੇ 6 ਜੂਨ 1949 ਦੇ ਸਾਕੇ ਨੂੰ ਸੱਚਰ ਦੀ ਨਿਮਰਤਾ ਤੇ ਸਿਆਣਪ ਨੇ ਸੰਭਾਲ਼ ਲਿਆ ਸੀ। 5 ਜੂਨ 1984 ਦੇ ਘਲੂਘਾਰੇ ਦੀ ਗੱਲ ਸੁਣਕੇ ਮਨ ਤੜਫ ਉਠਿਆ ਹੈ। ਮਨ ਬੇਕਾਬੂ ਹੋ ਹੋ ਜਾਂਦਾ ਹੈ।

ਮੁ ਹੱ ਬ ਤ ਨਾ ਮਾ

CANADA DARPAN VANCOUVER
PO BOX 67344 STN 'O'
VANCOUVER BC V5W 3T1
BT
CONGRATULATIONS KEEN OBSERVATORY UNBIASED JOURNALISM
ESPECIALLY EDITORIAL. KEEP IT UP.
HARJIT AUJLA 8605 33 AVE
EDMONTON ALBERTA

Goyal Travels Inc.

4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.

IATA

Cheapest Fares to:
FIJI—INDIA—PAKISTAN—COLOMBO—NEPAL

THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

ਸਿਤਾਰਿਆਂ ਨਾਲ ਭਰਿਆ 'ਲਾਈਵ' ਸ਼ੋਅ

ਨਾਜ਼ੀਆ ਅਤੇ ਜ਼ੁਹੇਬ ਹਸਨ

ਇਸ ਸਦੀ ਦਾ ਬੇਹਤਰੀਨ ਸ਼ੋਅ ਸਾਰੇ ਨਵੇਂ ਸਟਾਰ ਪਹਿਲੀ ਵਾਰ ਆ ਰਹੇ ਹਨ

ਜ਼ੁਹੇਬ ਹਸਨ

ਨਾਜ਼ੀਆ ਹਸਨ

ਸੁਪਰ ਸਟਾਰ

ਰਾਜ ਬੱਬਰ

ਚੋਟੀ ਦੀ ਕਲਾਕਾਰ

ਸਮੀਤਾ ਪਾਟਿਲ

ਪੌਪ ਕੁਈਨ

ਨਾਜ਼ੀਆ ਹਸਨ

ਪੌਪ ਕਿੰਗ

ਜ਼ੁਹੇਬ ਹਸਨ

'ਸੌਤਨ' ਵਰਗੀਆਂ ਮਸ਼ਹੂਰ ਫ਼ਿਲਮਾਂ ਦੀ ਮਿਊਜ਼ਿਕ ਡਾਇਰੈਕਟਰ

ਊਸ਼ਾ ਖੰਨਾ ਤੇ ਆਰਕੈਸਟਰਾ

ਸਮੀਤਾ ਪਾਟਿਲ

ਹੋਰ ਵੀ ਮਸ਼ਹੂਰ ਫ਼ਿਲਮ ਗੀਤਕਾਰ ਹਸਾ ਹਸਾ ਢਿੱਡੀ ਪੀੜਾਂ ਪਾ ਦੇਣ ਵਾਲੇ ਕਲਾਕਾਰ ਭਾਰਤੀ, ਬ੍ਰਤਾਨਵੀ ਅਤੇ ਪਾਕਿਸਤਾਨੀ ਸੰਗੀਤਕਾਰ

ਰਾਜ ਬੱਬਰ

ਵੈਨਕੂਵਰ ਵਿਚ ਸ਼ੋਅ 30 ਸਤੰਬਰ, 1984 ਨੂੰ ਹੋਵੇਗਾ

ਕੈਲਗਰੀ ਵਿਚ — 5 ਅਕਤੂਬਰ, 1984
ਐਡਮਿੰਟਨ ਵਿਚ — 6 ਅਕਤੂਬਰ, 1984
ਵਿੰਨੀਪੈੱਗ ਵਿਚ — 7 ਅਕਤੂਬਰ, 1984

Show Available For Fiji

Contact :
Gemline Enterprises
Ph. 525-9019

Worldwide Promoter:
RAPHAEL ANTHONY
C/o India Impact
P.O.BOX 6161
GLENDALE, Ca. 91205
Tel:(213)466-7126

Watch for tickets Sales
Gemline Enterprises
441, Columbia St.
New Westminster, B.C.

(ਨੋਟ : ਸਮੀਤਾ ਪਾਟਿਲ ਅਤੇ ਰਾਜ ਬੱਬਰ ਕੇਵਲ ਵੈਨਕੂਵਰ ਵਾਲੇ ਸ਼ੋਅ ਵਿਚ ਆ ਰਹੇ ਹਨ)

‘ਹੋਰ ਕੋਈ ਚਾਰਾ ਹੀ ਨਹੀਂ ਸੀ ਰਿਹਾ’ — ਇੰਦਰਾ

ਨਵੀਂ ਦਿੱਲੀ— ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਹੈ ਕਿ ਸਰਕਾਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚਲੇ ਦਹਿਸ਼ਤਪਸੰਦਾਂ ਵਿਰੁਧ ਫੌਜੀ ਕਾਰਵਾਈ ਇਸ ਆਸ ਨੂੰ ਲੈ ਕੇ ਟਾਲਦੀ ਰਹੀਕਿ ਅਕਾਲੀ ਦਲ ਕੰਪਲੈਕਸ ਵਿਚਲੀ ਸਥਿਤੀ ’ਤੇ ਕਾਬੂ ਪਾ ਲੈਣ ਤੇ ਸਫਲ ਰਹੇਗਾ।

ਬੀ.ਬੀ.ਸੀ. ਨਾਲ ਇਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਕਿ ਸਰਕਾਰ ਅਕਾਲੀ ਲੀਡਰਾਂ ਨੂੰ ਸਮੇਂ ਸਮੇਂ ਉਨ੍ਹਾਂ ਥਾਵਾਂ ਬਾਰੇ ਦਸਦੀ ਰਹੀ ਜਿਥੇ ਹਥਿਆਰ ਜ਼ਖੀਰਾਬੰਦ ਕੀਤੇ ਗਏ ਅਤੇ ਦਹਿਸ਼ਤਪਸੰਦ ਪਨਾਹ ਲੈਂਦੇ ਰਹੇ।

ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਅਕਾਲੀ ਨੇਤਾਵਾਂ ਨੂੰ ਕਿਹਾ ਕਿ ਉਹ ਜੇਕਰ ਇਹ ਨਹੀਂ ਚਾਹੁੰਦੇ ਕਿ ਕੋਈ ਸਰਕਾਰੀ ਵਿਅਕਤੀ ਇਨ੍ਹਾਂ ਥਾਵਾਂ ਦਾ ਮੁਆਇਨਾ ਕਰੇ ਤਾਂ ਉਹ ਖੁਦ ਉਨ੍ਹਾਂ ਕਮਰਿਆਂ ਵਿਚ ਜਾਣ ਅਤੇ ਹੱਤਿਆਵਾਂ ਤੇ ਡਾਕਿਆਂ ਦੇ ਮਾਮਲਿਆਂ ਵਿਚ ਲੋੜੀਂਦੇ ਵਿਅਕਤੀਆਂ ਨੂੰ ਸਰਕਾਰ ਹਵਾਲੇ ਕਰ ਦੇਣ।

ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਨੇਮੇ ਸਮੇਂ ਤਕ ਕੋਈ ਅਸਰਦਾਇਕ ਕਾਰਵਾਈ ਕਰਨੋ ਝਿਜਕਦੀ ਰਹੀ। ਜਦੋਂ ਉਸ ਦੀ ਝਿਜਕ ਨੂੰ ਲਾਚਾਰੀ ਸਮਝਿਆ ਜਾਣ ਲਗਾ, ਤਾਂ ਉਸ ਨੇ ਆਖਰੀ ਚਾਰੇ ਵਜੋਂ ਫੌਜੀ ਕਾਰਵਾਈ ਕਰਨਾ ਮੁਨਾਸਿਬ ਸਮਝਿਆ।

ਇਹ ਪੁੱਛੇ ਜਾਣ ਤੇ ਕਿ “ਇਕ ਬਹੁਤ ਮੁਸ਼ਕਲ ਸਥਿਤੀ” ਨਾਲ ਨਜਿੱਠਣ ਲਈ ਵਰਤੇ ਗਏ ਢੰਗ-ਤਰੀਕਿਆਂ ’ਤੇ ਉਨ੍ਹਾਂ ਨੂੰ ਕੋਈ ਅਫਸੋਸ ਹੈ, ਤਾਂ ਉਨ੍ਹਾਂ ਜਵਾਬ ਦਿਤਾ “ਜੇ ਕਰ ਇਹ ਕਾਰਵਾਈ ਪਹਿਲਾਂ ਕੀਤੀ ਜਾਂਦੀ, ਤਾਂ ਸਥਿਤੀ ਏਨੀ ਦੁਖਾਂਤਮਈ ਨਹੀਂ ਸੀ ਹੋਣੀ। ਪਰ ਨਾਲ ਹੀ ਇਸ ਤੋਂ ਪਹਿਲਾਂ ਅਜਿਹੀ ਕੋਈ ਕਾਰਵਾਈ ਕਰਨਾ ਕਾਫੀ ਕਠਿਨ ਸੀ ਕਿਉਂਕਿ ਉਦੋਂ ਇਹ ਸਾਬਤ ਕਰਨਾ ਔਖਾ ਹੋ ਜਾਣਾ ਸੀ ਕਿ ਸਾਡੇ ਕੋਲ ਹੋਰ ਕੋਈ ਰਾਹ ਹੀ ਨਹੀਂ ਸੀ ਰਹਿ ਗਿਆ।”

ਇੰਟਰਵਿਊ ਵਿਚ ਸਵਾਲ ਜਵਾਬ ਇਸ ਤਰਾਂ ਰਹੇ:—

“ਸਵਾਲ — ਪ੍ਰਧਾਨ ਮੰਤਰੀ ਜੀ, ਬਰਤਾਨੀਆ ਵਿੱਚ ਬਹੁਤ ਸਾਰੇ ਲੋਕ ਇਸ ਗਲ ਨੂੰ ਅਸਾਧਾਰਨ ਸਮਝਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਵਰਗਾ ਪਾਵਨ ਅਸਥਾਨ ਹਥਿਆਰਬੰਦ ਅਨਸਰਾਂ ਦੀ ਪਨਾਹਗਾਹ ਬਣ ਜਾਵੇ। ਉਹ ਇਸ ਗਲ ਨੂੰ ਸਮਝਦੇ ਹਨ ਕਿ ਤੁਹਾਨੂੰ ਅੰਮ੍ਰਿਤਸਰ ਵਿਚ ਕਾਰਵਾਈ ਕਰਨੀ ਪਈ। ਪਰ ਸਾਨੂੰ ਇਹ ਗਲ ਸਮਝ ਨਹੀਂ ਆਉਂਦੀ ਕਿ ਤੁਸੀਂ ਏਨੀ ਦੇਰ ਤਕ ਇੰਤਜ਼ਾਰ ਕਿਉਂ ਕਰਦੇ ਰਹੇ ਜਾਂ ਤੁਸੀਂ ਸਥਿਤੀ ਨੂੰ ਏਨਾ ਕਿਉਂ ਨਿਘਰਨ ਦਿਤਾ ਕਿ ਖੂਨ ਖਰਾਬੇ ਵਾਲੀ ਫੌਜੀ ਕਾਰਵਾਈ ਤੋਂ ਇਲਾਵਾ ਤੁਹਾਡੇ ਕੋਲ ਸਥਿਤੀ ਨੂੰ ਨਜਿੱਠਣ ਲਈ ਹੋਰ ਕੋਈ ਚਾਰਾ ਹੀ ਨਾ ਰਹਿ ਗਿਆ?

ਸ੍ਰੀਮਤੀ ਗਾਂਧੀ : ਸਰਕਾਰ ਬਹੁਤ ਚਿਰ ਤਕ ਅਕਾਲੀ ਰਹਿਨੁਮਾਵਾਂ ਨਾਲ ਗਲਬਾਤ ਕਰਦੀ ਰਹੀ। ਸਾਨੂੰ ਆਸ ਸੀ ਕਿ ਗਲਬਾਤ ਰਾਹੀਂ ਕੋਈ ਹੱਲ ਨਿਕਲ ਆਵੇਗਾ ਅਤੇ ਅਕਾਲੀ ਆਗੂ ਸਥਿਤੀ ਤੇ ਕਾਬੂ ਪਾ ਲੈਣਗੇ।

“ਸਵਾਲ : ਖੁਦ ਭਾਰਤ ਦੇ ਰਾਸ਼ਟਰਪਤੀ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਗਲ ਦੀ ਸਮਝ ਨਹੀਂ ਆਉਂਦੀ ਕਿ ਪੁਲੀਸ ਨੇ ਕੰਪਲੈਕਸ ਵਿਚ ਏਨੀ ਮਿਕਦਾਰ ਵਿਚ ਹਥਿਆਰ ਕਿਵੇਂ ਜਾਣ ਦਿਤਾ?

ਸ੍ਰੀਮਤੀ ਗਾਂਧੀ : ਪੁਲੀਸ ਨੇ ਹਥਿਆਰਾਂ ਦੀ ਆਮਦ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਜ਼ਿਆਦਾ ਸਫਲ ਨਹੀਂ ਰਹੀ, ਇਸ ਦੀ ਇਕ ਵਜਾ ਇਹ ਸੀ ਕਿ ਹਥਿਆਰ ਆਮ ਤੌਰ ਤੇ ਲੰਗਰ ਲਈ ਰਸਦ ਵਾਲੇ ਟਰੱਕਾਂ ਵਿਚ ਲਿਆਂਦੇ ਗਏ। ਜਦੋਂ ਇਨ੍ਹਾਂ ਟਰੱਕਾਂ ਨੂੰ ਰੋਕ ਕੇ ਤਲਾਸ਼ੀ ਲੈਣ ਦੀ ਕੋਸ਼ਿਸ਼ ਕੀਤੀ ਗਈ ਤਾਂ ਗਰੰਥੀਆਂ ਤੇ ਹੋਰਨਾਂ ਲੋਕਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ ਕਿ ਸਰਕਾਰ ਬੇਵਜ੍ਹਾ ਦਖਲ ਦੇ ਰਹੀ ਹੈ। ਉਂਜ ਸਹੀ ਹੈ ਕਿ ਹਥਿਆਰ ਲਿਆਉਣ ਵਾਲਿਆਂ ਨੂੰ ਸੁਰੱਖਿਆ ਪ੍ਰਬੰਧਾਂ ਵਿਚਲੀਆਂ ਚੋਰ-ਮੋਰੀਆਂ ਤੋਂ ਵੀ ਮਦਦ ਮਿਲੀ।

ਸਵਾਲ: ਤੁਹਾਡੇ ਜਰਨੈਲ ਮੰਨਦੇ ਹਨਕਿ ਖੁਫੀਆ ਏਜੰਸੀਆਂ ਭਿੰਡਰਾਂਵਾਲੇ ਤੇ ਉਸਦੇ ਸਮਰਥਕਾਂ ਵਲੋਂ ਪੇਸ਼ ਖਤਰੇ ਦੀ ਸਹੀ ਤਸਵੀਰ ਪੇਸ਼ ਕਰਨ ਵਿਚ ਅਸਫਲ ਰਹੀਆਂ। ਅਜੇਹਾ ਕਿਵੇਂ ਹੋਇਆ?

ਸ੍ਰੀਮਤੀ ਗਾਂਧੀ : ਸਾਡੀਆਂ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਕਿਸੇ ਹਦ ਤਕ ਸਹੀ ਸਨ। ਉਂਜ ਅਤੀ-ਆਧੁਨਿਕ ਸਾਜ਼ੋ-ਸਾਮਾਨ ਦੀ ਕਮੀ ਕਾਰਨ ਏਜੰਸੀਆਂ ਆਪਣੀ ਜ਼ਿੰਮੇਵਾਰੀ ਬਹੁਤ ਚੰਗੇ ਢੰਗ ਨਾਲ ਨਹੀਂ ਨਿਭਾ ਸਕੀਆਂ।

ਸਵਾਲ: ਮਰਨ ਵਾਲਿਆਂ ਦੀ ਗਿਣਤੀ ਬਾਰੇ ਸੁਣ ਕੇ ਤੁਹਾਨੂੰ ਕੋਈ ਧੱਕਾ ਨਹੀਂ ਲਗਿਆ?

ਸ੍ਰੀਮਤੀ ਗਾਂਧੀ: ਹਾਂ ਮੈਨੂੰ ਅਫਸੋਸ ਹੋਇਆ।

ਸਵਾਲ: ਹੈਰਾਨੀ ਵੀ ਹੋਈ?

ਸ੍ਰੀਮਤੀ ਗਾਂਧੀ: ਹੈਰਾਨੀ ਵੀ ਅਤੇ ਦੁੱਖ ਵੀ।

ਸਵਾਲ: ਅੱਠ ਦਿਨਾਂ ਤਕ ਤੁਸੀਂ ਕਿਸੇ ਬਾਹਰੀ ਵਿਅਕਤੀ ਜਾਂ ਪੱਤਰਕਾਰ ਨੂੰ ਅੰਮ੍ਰਿਤਸਰ ਵਿਚਲੀ ਕਾਰਵਾਈ ਦੇਖਣ ਤੋਂ ਵਾਂਝਾ ਰਖਿਆ। ਕੀ ਤੁਹਾਨੂੰ ਇਸ ਗਲ ਤੇ ਹੈਰਾਨੀ ਨਹੀਂ ਕਿ ਦੁਨੀਆਂ ਭਰ ਦੇ ਸਿੱਖ ਪੂਰੀ ਕਾਰਵਾਈ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦੇ ਹਨ ਅਤੇ ਭਾਰਤ ਸਰਕਾਰ ਦੇ ਬਿਆਨਾ ਉੱਤੇ ਇਤਬਾਰ ਨਹੀਂ ਕਰ ਰਹੇ?

ਸ੍ਰੀਮਤੀ ਗਾਂਧੀ: ਪੰਜਾਬ ਬਾਰੇ ਬਹੁਤ ਸਾਰਾ ਝੂਠਾ ਪ੍ਰਚਾਰ ਕੀਤਾ ਗਿਆ ਹੈ। ਫੌਜੀ ਕਾਰਵਾਈ ਤੋਂ ਪਹਿਲਾਂ ਪੰਜਾਬ ਵਿਚ ਪ੍ਰੈਸ ਸਰਗਰਮ ਸੀ। ਉਹ ਇਹ ਖਬਰਾਂ ਵੀ ਛਾਪਦਾ ਰਿਹਾ ਕਿ ਕਿਵੇਂ ਲਾਸ਼ਾਂ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਬਾਹਰ ਸੁਟੀਆਂ ਜਾਂਦੀਆਂ ਰਹੀਆਂ। ਮੈਨੂੰ ਇਸ ਗਲ ਦੀ ਹੈਰਾਨੀ ਹੈ ਕਿ ਸਿੱਖ ਭਾਈਚਾਰੇ ਨੇ ਉਸ ਪਾਵਨ ਅਸਥਾਨ ਦੀ ਇਸ ਤਰਾਂ ਦੀ ਦੁਰਵਰਤੋਂ ਬਾਰੇ ਪਹਿਲਾਂ ਕੋਈ ਪ੍ਰਤੀਕਿਰਿਆ ਕਿਉਂ ਨਹੀਂ ਪ੍ਰਗਟ ਕੀਤੀ?

ਅਸੀਂ ਲੋਕਾਂ ਅੱਗੇ ਸਹੀ ਤਸਵੀਰ ਪ੍ਰਗਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਰਕਾਰ ਕਦੇ ਵੀ ਸਿੱਖ ਭਾਈਚਾਰੇਜਾਂ ਸਿੱਖ ਧਰਮ ਦੇ ਵਿਰੁਧ ਨਹੀਂ ਰਹੀ। ਸਰਕਾਰ ਦੀ ਕਾਰਵਾਈ ਤਾਂ ਸਿਰਫ ਉਨ੍ਹਾਂ ਲੋਕਾਂ ਵਿਰੁਧ ਸੀ ਜਿਹੜੇ ਧਰਮ ਅਸਥਾਨਾਂ ਦੀ ਦੇਸ਼ ਵਿਰੋਧੀ ਗਤੀ-ਵਿਧੀਆਂ ਲਈ ਵਰਤੋਂ ਕਰ ਰਹੇ ਸਨ।

ਸਵਾਲ: ਜੇ ਇਹ ਗਲ ਸੀ ਤਾਂ ਫੌਜੀ ਕਾਰਵਾਈ ਵਿਚ ਛੁਪਾਉਣ ਵਾਲੀ ਕੋਈ ਗੱਲ ਨਹੀਂ ਸੀ। ਜੇ ਕਾਰਵਾਈ ਨੂੰ ਅਜ਼ਾਦਾਨਾ ਤੌਰ ’ਤੇ ਵੇਖਿਆ ਜਾਂਦਾ ਤਾਂ ਸਿੱਖ ਸਮੁਦਾਇ ਵਿਚ ਸਰਕਾਰੀ ਕਾਰਵਾਈ ਪ੍ਰਤੀ ਸ਼ੱਕ ਤੇ ਗੈਰਯਕੀਨੀ ਦੀ ਭਾਵਨਾ ਜ਼ਿਆਦਾ ਪ੍ਰਬਲ ਨਹੀਂ ਸੀ ਹੋਣੀ।

ਸ੍ਰਮਤੀ ਗਾਂਧੀ: ਅਜਿਹੇ ਫੈਸਲੇ ਆਮ ਤੌਰ ’ਤੇ ਕਾਰਵਾਈ ਕਰਨ ਵਾਲਿਆਂ ’ਤੇ ਛੱਡ ਦਿਤੇ ਜਾਂਦੇ ਹਨ। ਉਂਜ, ਸਾਡੇ ਅਖਬਾਰ ਬਹੁਤ ਊਲ-ਜਲੂਲੀ ਕਹਾਣੀਆਂ ਛਾਪਦੇ ਆਏ ਹਨ ਜਿਨ੍ਹਾਂ ਨਾਲ ਇਕ ਜਾਂ ਦੂਜੇ ਫਿਰਕੇ ਨੂੰ ਚੋਟ ਪਹੁੰਚਦੀ ਰਹੀ। ਅਸੀਂ ਅਜਿਹਾ ਕੋਈ ਖਤਰਾ ਮੁੱਲ ਲੈਣ ਦੇ ਹੱਕ ਵਿੱਚ ਨਹੀਂ ਸਾਂ। ਜਦੋਂ ਅਸੀਂ ਪੰਜਾਬ ਦੇ ਅਖਬਾਰਾਂ ਨੂੰ ਖੁਲ੍ਹ ਨਹੀਂ ਦੇ ਰਹੇ ਤਾਂ ਬਾਹਰਲੇ ਅਖਬਾਰਾਂ ਜਾਂ ਪੱਤਰਕਾਰਾਂ ਨੂੰ ਪੰਜਾਬ ’ਚ ਸਰਗਰਮ ਰਹਿਣ ਦੀ ਆਗਿਆ ਨਹੀਂ ਸੀ ਦਿਤੀ ਜਾ ਸਕਦੀ।

ਸਵਾਲ: ਤੁਸੀਂ ਅਕਾਲ ਤਖਤ ਨੂੰ ਪਹੁੰਚੇ ਨੁਕਸਾਨ ਦੀਆਂ ਤਸਵੀਰਾਂ ਕਿਉਂ ਨਹੀਂ ਵਿਖਾ ਰਹੇ ਜਾਂ ਬਾਹਰ ਜਾਣ ਦੇ ਰਹੇ?

ਸ੍ਰੀਮਤੀ ਗਾਂਧੀ: ਜਿਹੜੇ ਪੱਤਰਕਾਰ ਅੰਮ੍ਰਿਤਸਰ ਲਿਜਾਏ ਗਏ ਹਨ , ਉਨ੍ਹਾਂ ਨੇ ਇਹ ਕੁਝ ਵੇਖਿਆ ਹੈ।

ਸਵਾਲ: ਪਰ ਉਨ੍ਹਾਂ ਨੂੰ ਨੁਕਸਾਨ ਦੀ ਤਸਵੀਰਾਂ ਖਿਚਣ ਦੀ ਆਗਿਆ ਕਿਉਂ ਨਹੀਂ ਦਿਤੀ ਗਈ?

ਸ੍ਰੀਮਤੀ ਗਾਂਧੀ: ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ। ਇਹ ਮੌਕੇ ਤੇ ਮੌਜੂਦ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਕੀ ਜਾਇਜ਼ ਹੈ।

ਸਵਾਲ: ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਪਾਕਿਸਤਾਨੀ ਹਥਿਆਰ ਤੇ ਪਾਸਪੋਰਟ ਮਿਲਣ ਤੋਂ ਇਲਾਵਾ ਸਰਕਾਰ ਕੋਲ ਹੋਰ ਕਿਹੜਾ ਠੋਸ ਸਬੂਤ ਹੈ ਕਿ ਸੰਤ ਭਿੰਡਰਾਂਵਾਲੇ ਨੂੰ ਪਾਕਿਸਤਾਨ ਦੀ ਹਮਾਇਤ ਹਾਸਲ ਸੀ?

ਸ੍ਰੀਮਤੀ ਗਾਂਧੀ: ਕੀ ਅਜਿਹੇ ਮਾਮਲਿਆਂ ਵਿਚ ਕੋਈ ਠੋਸ ਸਬੂਤ ਵੀ ਮਿਲ ਸਕਦਾ ਹੈ? ਮੇਰੇ ਖਿਆਲ ਅਨੁਸਾਰ ਠੋਸ ਸਬੂਤ ਤਾਂ ਉਥੇ ਵੀ ਨਹੀਂ ਮਿਲਦਾ ਜਿਥੇ ਸਰਕਾਰਾਂ ਉਲਟ ਦਿਤੀਆਂ ਜਾਂਦੀਆਂ ਹਨ।

ਸਵਾਲ: ਤੁਸੀਂ ਕੁਝ ਬਦੇਸ਼ੀ ਪੱਤਰਕਾਰਾਂ ਨੂੰ ਵੀ ਕਿਹਾ ਹੈ ਕਿ ਤੁਹਾਨੂੰ ਸ਼ੱਕ ਹੈ ਕਿ ਸੀ.ਆਈ.ਏ. ਪੂਰੇ ਮਾਮਲੇ ਵਿਚ ਸ਼ਰੀਕ ਸੀ?

ਸ੍ਰੀਮਤੀ ਗਾਂਧੀ: ਮੈਂ ਅਜਿਹਾ ਨਹੀਂ ਕਿਹਾ। ਹਾਂ ਉਨ੍ਹਾਂ ਦੀ ਕੋਸ਼ਿਸ਼ ਰਹੀ ਕਿ ਉਹ ਮੇਰੇ ਮੂੰਹੋਂ ਅਜਿਹੇ ਸ਼ਬਦ ਕਢਵਾਉਣ।

ਸਰਕਾਰ ਵਲੋਂ ਅਧ ਜੁਲਾਈ ਤੱਕ ਪ੍ਰੀਖਿਆ ਕਰਾਉਣ ਦੀ ਸਲਾਹ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਤਿੰਨ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਨੂੰ ਸੁਝਾਅ ਦਿਤਾ ਹੈ ਕਿ ਉਹ ਵਿਦਿਆਰਥੀਆਂ ਦੇ ਇਮਤਿਹਾਨ ਜੁਲਾਈ ਦੇ ਅੱਧ ਤਕ ਕਰਾ ਦੇਣ ਤਾਂ ਜੋ ਵਿਦਿਆਰਥੀ ਦਾ ਸਾਲ ਬਚ ਸਕੇ ਅਤੇ ਉਨ੍ਹਾਂ ਦੀ ਸਿਖਿਆ ਦਾ ਨੁਕਸਾਨ ਨਾ ਹੋਵੇ।

ਰਾਜ ਦੇ ਸਿਖਿਆ ਸਕੱਤਰ ਹਰਦਿਆਲ ਸਿੰਘ ਨੇ ਇਕ ਮੁਲਾਕਾਤ ਵਿਚ ਦਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਤੌਰ ਤੇ ਪ੍ਰੀਖਿਆਵਾਂ ਦੀਆਂ ਤਾਰੀਖਾਂ ਨਿਸਚਤ ਕਰਨ। ਉਨ੍ਹਾਂ ਕਿਹਾ ਕਿ ਇਮਤਹਾਨਾਂ ਦੀਆਂ ਤਾਰੀਖਾਂ ਯੂਨੀਵਰਸਿਟੀਆਂ ਨਿਸਚਿਤ ਕਰਨਗੀਆਂ ਜੋ ਵਖ ਵਖ ਫਰਕ ਨਾਲ ਹੋ ਸਕਦੀਆਂ ਹਨ।

ਸ੍ਰੀ ਹਰਦਿਆਲ ਸਿੰਘ ਨੇ ਕਿਹਾ ਕਿ ਸਰਕਾਰ ਸਮੇਂ ਸਮੇਂ ਸਥਿਤੀ ਦਾ ਜਾਇਜ਼ਾ ਲੈਂਦੀ ਰਹੀ ਹੈ ਪਰ ਹਾਲਾਤ ਕੁਝ ਅਜਿਹੇ ਨਾਖੁਸ਼ਗਵਾਰ ਬਣ ਗਏ ਸਨ ਕਿ ਕੋਈ ਵੀ ਯੂਨੀਵਰਸਿਟੀ ਇਸ ਦੇ ਲਈ ਹਿੰਮਤ ਨਹੀਂ ਬੰਨ੍ਹ ਸਕੀ।

ਉਨ੍ਹਾਂ ਆਸ ਪ੍ਰਗਟ ਕੀਤੀ ਕਿ ਹੁਣ ਯੂਨੀਵਰਸਿਟੀਆਂ ਦੇ ਉਪਕੁਲਪਤੀ ਪ੍ਰੀਖਿਆ ਇਨਚਾਰਜਾਂ ਅਤੇ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਵਿਚਾਰ ਵਿਟਾਂਦਰਾ ਕਰਕੇ ਛੇਤੀ ਹੀ ਤਾਰੀਖਾਂ ਦਾ ਐਲਾਨ ਕਰ ਦੇਣਗੇ।

JIM PATTISON

Pontiac Buick GMC TRUCKS

JIM PATTISON

ON MAIN

GM

SERVICE AFTER SALE

1984 ਦੀਆਂ ਨਵੀਆਂ ਕੈਡਲਿਕ ਖ੍ਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ

Parlad Gill

Bus. 879-4233

Res. 435-1834

CAR	PRICE	YEAR	STOCK NO.
1. Century 4 door	$9495	83	#30326A
2. Fleetwood	$15350	81	#9663
3. Fairmont	$3595	79	#9609
4. Corolla	$6995	82	#9662
5. Mark III	$5735	76	#9640
6. Cordoba	$2995	77	#9595 A
7. Century S/W	$7250	81	#11356
8. Phoenix	$5910	82	#20342
9. G. Prix	$9495	83	#9641
10. Regency 98	$9395	80	#9656
11. Cutlas S/W	$7485	81	#03788

3434 MAIN ST. VANCOUVER, B.C.

ਭਾਰਤ ਦਰਪਣ

ਪ੍ਰਧਾਨ ਮੰਤਰੀ ਲਈ ਹਿਫਾਜ਼ਤੀ ਪ੍ਰਬੰਧ ਹੋਰ ਕਰੜੇ

ਨਵੀਂ ਦਿੱਲੀ (ਯੂ.ਐਨ.ਆਈ) ਪੰਜਾਬ ਵਿਚਲੀਆਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਲਈ ਸੁਰੱਖਿਆ ਪ੍ਰਬੰਧ ਹੋਰ ਕਰੜੇ ਕਰ ਦਿਤੇ ਗਏ ਹਨ।

ਸਰਕਾਰੀ ਸੂਤਰਾਂ ਅਨੁਸਾਰ ਉਨ੍ਹਾਂ ਲੋਕਾਂ ਲਈ ਵੀ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰ ਦਿਤੇ ਗਏ ਹਨ ਜਿਨ੍ਹਾਂ ਨੂੰ 'ਸਿਧੀਆਂ ਤੇ ਠੋਸ ਧਮਕੀਆਂ' ਮਿਲੀਆਂ ਸਨ।

ਸੂਤਰਾਂ ਦਾ ਕਿਹਣਾ ਹੈ ਕਿ ਰਾਜਧਾਨੀ ਵਿਚ ਇੰਤਹਾਪਸੰਦਾਂ ਦੀ ਘੁਸਪੈਠ ਦੀ ਫਿਲਹਾਲ ਕੋਈ ਜਾਣਕਾਰੀ ਨਹੀਂ ਪਰ ਚੌਕਸੀ ਵਜੋਂ ਸੁਰੱਖਿਆ ਏਜੰਸੀਆਂ ਨੂੰ ਖਬਰਦਾਰ ਕਰ ਦਿਤਾ ਗਿਆ ਹੈ।

ਦੇਸ਼ ਦੇ ਸਾਰੇ ਹਵਾਈ ਅੱਡਿਆਂ 'ਤੇ ਹਿਫਾਜ਼ਤੀ ਪ੍ਰਬੰਧ ਹੋਰ ਕਰੜੇ ਕਰ ਦਿਤੇ ਗਏ ਹਨ।

ਸਾਬਕਾ ਪਾਰਲੀਮਾਨੀ ਸਕੱਤਰ ਲੱਕੜੀ ਚੋਰੀ ਸਬੰਧੀ ਗ੍ਰਿਫਤਾਰ

ਕੁਰਕਸ਼ੇਤਰ — ਇਥੋਂ ਵੀਹ ਕਿਲੋ ਮੀਟਰ ਦੂਰ ਸ਼ਾਹਬਾਦ ਮਾਰਕੰਡਾ ਪੁਲੀਸ ਨੇ ਹਰਿਆਣਾ ਦੇ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਸ੍ਰੀ ਸੁਰਿੰਦਰ ਸਿੰਘ ਤੇ ਉਸ ਦੇ ਭਰਾ ਸ੍ਰੀ ਹਰਬੰਸ ਸਿੰਘ ਨੂੰ ਸਰਕਾਰੀ ਜਾਇਦਾਦ ਦੀ ਕਥਿਤ ਚੋਰੀ ਦੇ ਦੋਸ਼ ਹੇਠ ਧਾਰਾ 379 ਅਧੀਨ ਗ੍ਰਿਫਤਾਰ ਕੀਤਾ ਹੈ।

ਪਛੜ ਕੇ ਮਿਲੀ ਸੂਚਨਾ ਅਨੁਸਾਰ ਪੁਲੀਸ ਨੇ ਇਹ ਗ੍ਰਿਫਤਾਰੀ ਜੰਗਲਾਤ ਵਿਭਾਗ ਵਲੋਂ ਦਰਜ਼ ਕਰਾਈ ਸ਼ਕਾਇਤ ਦੇ ਅਧਾਰ ਉਤੇ ਕੀਤੀ ਹੈ। ਸ਼ਕਾਇਤ 'ਚ ਕਿਹਾ ਗਿਆ ਹੈ ਕਿ ਦੋਵਾਂ ਭਰਾਵਾਂ ਨੇ ਆਪਣੇ ਰਾਮ ਨਗਰ ਪਿੰਡ ਸਥਿਤ ਫਾਰਮ ਵਿਚਲੇ ਮਕਾਨ ਨੂੰ ਜਾਂਦੀ ਸੜਕ ਦੇ ਦੋਵੀਂ ਪਾਸੀਂ ਲਗੇ ਸੁਫੈਦੇ ਦੇ 215 ਰੁੱਖ ਨਾਜਾਇਜ਼ ਤੌਰ ਤੇ ਕੱਟ ਲਏ।।

ਪੁਲੀਸ ਦੇ ਇਕ ਬੁਲਾਰੇ ਅਨੁਸਾਰ ਕੱਟੇ ਹੋਏ ਕੁਝ ਰੁੱਖ ਮੌਕੇ ਉਤੇ ਬਰਾਮਦ ਕੀਤੇ ਗਏ।

ਇਸ ਤੋਂ ਇਲਾਵਾ ਯਮਨਾਨਗਰ ਦਾ ਇਕ ਲਕੜੀ ਦਾ ਠੇਕੇਦਾਰ ਵੀ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਕੋਲ ਮੁਲਜ਼ਮਾਂ ਨੇ ਕਥਿਤ ਤੌਰ 'ਤੇ ਚੋਰੀ ਦੀ ਲਕੜ ਵੇਚੀ।

ਪੁਲੀਸ ਅਨੁਸਾਰ ਲਕੜੀ ਦੇ ਠੇਕੇਦਾਰ ਨੇ ਪੁੱਛਗਿੱਛ ਦੌਰਾਨ ਇਹ ਮੰਨਿਆ ਕਿ ਮੁਲਜ਼ਮਾਂ ਨੇ ਉਸ ਕੋਲ ਚੋਰੀ ਦੀ 1422 ਕੁਇੰਟਲ ਲਕੜੀ ਵੇਚੀ ਜਿਸਦੀ ਕੀਮਤ 54 ਹਜ਼ਾਰ ਰੁਪਏ ਦੇ ਕਰੀਬ ਬਣਦੀ ਹੈ।

ਅਮਰੀਕ ਸਿੰਘ ਪੂੰਨੀ ਵੀ ਛੁੱਟੀ 'ਤੇ

ਚੰਡੀਗੜ੍ਹ — ਪੰਜਾਬ ਦੇ ਗ੍ਰਹਿ ਸਕੱਤਰ ਸ੍ਰੀ ਅਮਰੀਕ ਸਿੰਘ ਪੂੰਨੀ ਇਕ ਮਹੀਨੇ ਦੀ ਛੁੱਟੀ 'ਤੇ ਰਵਾਨਾ ਹੋਏ। ਉਨ੍ਹਾਂ ਨੇ ਛੁੱਟੀ ਲੈਣ ਦਾ ਕੋਈ ਕਾਰਨ ਨਹੀਂ ਦੱਸਿਆ। ਉਨ੍ਹਾਂ ਦੀ ਥਾਂ ਤੇ ਸਿੰਜਾਈ ਤੇ ਬਿਜਲੀ ਸਕੱਤਰ ਨੇ ਕੰਮ ਸੰਭਾਲ ਲਿਆ ਹੈ।

ਸੰਭਾਵਨਾ ਹੈ ਕਿ ਉਹ ਵੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਲਈ ਉਨ੍ਹਾਂ ਚਾਰ ਸਕੱਤਰਾਂ ਵਿਚ ਸ਼ਾਮਲ ਹੋਣਗੇ ਜਿਨ੍ਹਾਂ ਦੀ 15-15 ਦਿਨਾਂ ਦੀ ਛੁੱਟੀ ਪਹਿਲਾਂ ਹੀ ਮਨਜ਼ੂਰ ਹੋ ਚੁੱਕੀ ਹੈ।

ਕਾਂਗਰਸ ਨੇਤਾ ਹਰਦਿਆਲ ਸਿੰਘ ਦਾ ਅੰਤਮ ਸਸਕਾਰ

ਜਲੰਧਰ —ਪੀ. ਟੀ. ਆਈ— ਜਲੰਧਰ ਜ਼ਿਲੇ ਦੇ ਕਾਂਗਰਸ ਆਈ. ਨੇਤਾ ਸ੍ਰੀ ਹਰਦਿਆਲ ਸਿੰਘ ਦਾ ਜਿੰਨ੍ਹਾਂ ਦਾ ਗੁਰਾਇਆਂ ਵਿਚ ਦੋ ਅਣਪਛਾਤੇ ਵਿਅਕਤੀਆਂ ਨੇ ਹੱਤਿਆ ਕਰ ਦਿੱਤੀ ਸੀ ਇਥੇ ਅੰਤਮ ਸਸਕਾਰ ਕਰ ਦਿਤਾ ਗਿਆ। ਉਨ੍ਹਾਂ ਦੀ ਅਰਥੀ ਨਾਲ ਭਾਰੀ ਗਿਣਤੀ ਵਿਚ ਲੋਕ ਸ਼ਾਮਲ ਹੋਏ।

ਜਾਮਨਗਰ ਵਿਚ 150 ਜ਼ਖਮੀ

ਜਾਮਨਗਰ — ਪੱਛਮੀ ਭਾਰਤ ਵਿਚ ਹਿੰਦੂ ਮੁਸਲਮ ਫਸਾਦ ਅਜੇ ਵੀ ਜਾਰੀ ਹਨ। ਜਾਮਨਗਰ ਅਤੇ ਬਰਡੋਲੀ ਵਿਚ 150 ਆਦਮੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਹਿੰਦੂ-ਮਸਲਮ ਫਸਾਦ ਵਿਚ ਦੋ ਵਿਅਕਤੀ ਹਲਾਕ ਹੋਏ ਹਨ।

ਜਾਮਨਗਰ ਅਤੇ ਬਰਡੋਲੀ ਵਿਚ ਕਰਫੀਊ ਲਗਾ ਦਿਤਾ ਗਿਆ ਹੈ। ਬਰਡੋਲੀ ਦੇ ਫਸਾਦ ਵਿਚ 100 ਦੇ ਕਰੀਬ ਦੋਵਾਂ ਫਿਰਕਿਆਂ ਦੇ ਬੰਦਿਆਂ ਦੇ ਜ਼ਖਮੀ ਹੋਣ ਦੀ ਸੂਚਨਾ ਹੈ।

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੋਲਿਟ ਬਿਊਰੋ ਵਲੋਂ ਸਟੇਟਮੈਂਟ

—ਜੂਨ 6, 1984

ਪੰਜਾਬ ਵਿਚ ਜੋ ਮੰਦਭਾਗਾ ਵਾਪਰਿਆ ਇਸ ਨੂੰ ਟਾਲਿਆ ਜਾ ਸਕਦਾ ਸੀ —

ਕਮਿਊਨਿਸਟ ਪਾਰਟੀ(ਮਾਰਕਸਵਾਦੀ) ਦੀ ਪੋਲਿਟ ਬਿਊਰੋ ਦਾ ਇਹ ਵਿਚਾਰ ਹੈ ਕਿ 6 ਜੂਨ ਨੂੰ ਪੰਜਾਬ ਵਿਚ ਅੰਮ੍ਰਿਤਸਰ ਅਤੇ ਹੋਰ ਥਾਵਾਂ ਤੇ ਜੋ ਸ਼ੋਕਮਈ ਘਟਨਾਵਾਂ ਵਾਪਰੀਆਂ ਇਹਨਾਂ ਨੂੰ ਟਾਲਿਆ ਜਾ ਸਕਦਾ ਸੀ। ਜੇਕਰ ਸਿਰਫ ਪ੍ਰਧਾਨ ਮੰਤਰੀ ਅਤੇ ਕੇਂਦਰ ਦੀ ਕਾਂਗਰਸ(ਇੰਦਰਾ) ਸਰਕਾਰ ਪੰਜਾਬ ਸਮਸਿਆ ਦਾ ਰਾਜਨੀਤਕ ਹਲ ਸਮੇਂ ਸਿਰ ਲੱਭ ਲੈਂਦੇ।

ਇਹ ਕਰਨ ਦੇ ਬਿਜਾਏ, ਕੇਂਦਰੀ ਸਰਕਾਰ ਨੇ ਵਿਰੋਧੀ ਪਾਰਟੀਆਂ ਸਮੇਤ ਅਕਾਲੀ ਦਲ ਨੇ ਜਿਹੜੀ ਸਾਂਝੀ ਵਿਚਾਰ ਜੂਨ 1983 ਵਿਚ ਬਣਾਈ ਸੀ ਉਸਨੂੰ ਮੰਨਣ ਅਤੇ ਲਾਗੂ ਕਰਨ ਤੋਂ ਇਨਕਾਰ ਕਰ ਦਿਤਾ।

ਅਜ ਭੀ ਪ੍ਰਧਾਨ ਮੰਤਰੀ ਵਿਰੋਧੀ ਧੜੇ ਨੂੰ ਵਿਸ਼ਵਾਸ਼ ਵਿਚ ਨਹੀਂ ਲੈ ਰਹੀ। ਉਹ ਪੰਜਾਬ ਦੀ ਸਥਿਤੀ ਨੂੰ ਹੈਂਡਲ ਕਰਨ ਦੇ ਸਬੰਧ ਵਿਚ ਵਿਰੋਧੀ ਧਿਰ ਨਾਲ ਸਲਾਹ ਮਸ਼ਵਰਾ ਕਰਨ ਬਾਰੇ ਸੋਚਣਾ ਠੀਕ ਨਹੀਂ ਸਮਝਦੀ।

ਦੇਵੀ ਲਾਲ ਨੇ ਕਿਸਾਨਾਂ ਨੂੰ ਕਰਜ਼ੇ ਨਾ ਮੋੜਨ ਦੀ ਸਹੁੰ ਚੁਕਾਈ

ਸਿਰਸਾ — ਹਰਿਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਕੇਂਦਰੀ ਸਹਿਕਾਰੀ ਬੈਂਕ ਦੇ ਸਾਹਮਣੇ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਕਰਜ਼ੇ ਵਾਪਸ ਨਾ ਕਰਨ ਦੀ ਸਹੁੰ ਚੁਕਾਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਕਿਸਾਨਾਂ ਦੀ ਬਿਜਲੀ ਕੱਟ ਕੇ ਕਾਰਖਾਨੇਦਾਰਾਂ ਨੂੰ ਖ਼ੁਸ਼ ਕਰ ਰਹੀ ਹੈ ਅਤੇ ਬਦਲੇ ਵਿਚ ਹਾਕਮ ਧਿਰ ਕਾਰਖਾਨਦਾਰਾਂ ਪਾਸੋਂ ਨਾਜਾਇਜ਼ ਤੌਰ ਤੇ ਭਾਰੀ ਰਕਮਾਂ ਵਸੂਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਰਾਂ ਨਾਲ ਕਮਾਇਆ ਪੈਸਾ ਵਿਧਾਇਕਾਂ ਨੂੰ ਖ਼ਰੀਦਣ 'ਤੇ ਲਾਇਆ ਜਾਂਦਾ ਹੈ। ਸਾਬਕ ਮੁੱਖ ਮੰਤਰੀ ਨੇ ਦੋਸ਼ ਲਗਾਇਆ ਕਿ ਸਰਕਾਰ ਜਾਣ ਬੁੱਝ ਉਹ ਨੀਤੀਆਂ ਤਿਆਰ ਕਰਦੀ ਹੈ ਜੋ ਕਿਸਾਨ ਲਈ ਮਾਰੂ ਸਿਧ ਹੁੰਦੀਆਂ ਹਨ। ਮਾਰਕੀਟ ਕਮੇਟੀ ਦਾ ਜੋ ਪੈਸਾ ਪਿੰਡਾਂ ਵਿਚ ਕਿਸਾਨ ਭਲਾਈ ਤੇ ਲਗਣਾ ਚਾਹੀਦਾ ਹੈ ਉਹ ਗਲਤ ਥਾਂ ਤੇ ਇਸਤੇਮਾਲ ਕੀਤਾ ਜਾਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਘੱਟ ਦਰਾਂ ਤੇ ਦਿਤੀ ਜਾਵੇ ਅਤੇ ਵਸੂਲੀ ਹਰ ਛੇ ਮਹੀਨਿਆਂ ਪਿੱਛੋਂ ਕੀਤੀ ਜਾਵੇ

'ਕੈਨੇਡਾ ਦਰਪਣ' ਆਪ ਪੜ੍ਹੋ— ਅਤੇ ਦੂਜਿਆਂ ਨੂੰ ਪੜ੍ਹਨ ਲਈ ਪ੍ਰੇਰੋ

ਜਿਨ੍ਹਾਂ ਵਿਚ ਸਾਬਕਾ ਬਿਦੇਸ਼ ਮੰਤਰੀ ਸ੍ਰੀ ਸਵਰਨ ਸਿੰਘ, ਪੰਜਾਬ ਪ੍ਰਦੇਸ ਕਾਂਗਰਸੀ ਕਮੇਟੀ ਦੇ ਪ੍ਰਧਾਨ ਸ੍ਰੀ ਰਘੂ ਨੰਦਨ ਲਾਲ ਭਾਟੀਆ, ਸਾਬਕਾ ਮੰਤਰੀ ਸ੍ਰੀ ਸੰਤੋਖ ਸਿੰਘ ਰੰਧਾਵਾ ਸ੍ਰੀ ਵੀਰਪਾਲ ਸਿੰਘ, ਸ੍ਰੀ ਰਾਮ ਲਾਲ ਚਿੱਟੀ, ਸ੍ਰੀ ਜਗਜੀਤ ਸਿੰਘ ਤੇ ਸ੍ਰੀ ਜਗਦੇਵ ਸਿੰਘ ਜੱਸੋਵਾਲ ਸ਼ਾਮਲ ਸਨ।

ਲਾਰਕਿਨਜ਼ ਜਾਸੂਸੀ ਕਾਂਡ ਦਾ ਦੋਸ਼ੀ ਪੇਸ਼

ਨਵੀਂ ਦਿੱਲੀ (ਪੀ.ਟੀ.ਆਈ) ਲਾਰਕਿਨਜ਼ ਜਾਸੂਸੀ ਕਾਂਡ ਦਾ ਇਕ ਕਥਿਤ ਮੁਖ ਦੋਸ਼ੀ ਜਸਪਾਲ ਸਿੰਘ ਗਿੱਲ ਸੁਪਰੀਮ ਕੋਰਟ 'ਚ ਪੇਸ਼ ਹੋਇਆ।

ਦਿੱਲੀ ਹਾਈ ਕੋਰਟ ਨੇ 3 ਮਈ ਨੂੰ ਉਸਦੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਸੀ ਜਿਹੜੀ ਸੁਪਰੀਮਕੋਰਟ ਨੇ 4 ਜੂਨ ਨੂੰ ਰੱਦ ਕਰ ਦਿਤੀ ਸੀ। ਜਾਂਚ ਅਫਸਰ ਦੀ ਇਸ ਰਿਪੋਰਟ ਉੱਤੇ ਕਿ ਜ਼ਮਾਨਤ ਰੱਦ ਕੀਤੇ ਜਾਣ ਬਾਅਦ ਕਥਿਤ ਦੋਸ਼ੀ ਦੀ ਕੋਈ ਸੂਹ ਨਹੀਂ ਮਿਲ ਰਹੀ, ਐਡੀਸ਼ਨਲ ਸੈਸ਼ਨ ਜੱਜਸ੍ਰੀ ਜੇ.ਡੀ ਕਪੂਰ ਨੇ ਜਸਪਾਲ ਸਿੰਘ ਗਿੱਲ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿਤੇ।

ਬਾਅਦ ਵਿਚ ਸ੍ਰੀ ਗਿੱਲ ਨੂੰ ਡਿਪਟੀ ਮੈਜਿਸਟਰੇਟ ਸ੍ਰੀ ਓ.ਪੀ.ਗੁਪਤਾ ਅੱਗੇ ਪੇਸ਼ ਕੀਤਾ ਗਿਆ ਜਿਸ ਨੇ ਉਸਨੂੰ 25 ਜੁਲਾਈ ਤਕ ਅਦਾਲਤੀ ਹਿਰਾਸਤ ਵਿਚ ਭੇਜ ਦਿਤਾ।

ਬਰਾਤ ਬੇਰੰਗ ਲਫਾਫੇ ਵਾਂਗ ਪਰਤ ਆਈ

ਦੋਰਾਹਾ — ਇਥੋਂ ਸੱਤ ਕਿਲੋ ਮੀਟਰ ਦੂਰ ਪਿੰਡ ਮਕਸੂਦੜਾ ਵਿੱਚ ਇਕ ਜ਼ਿਮੀਦਾਰ ਕਾਕਾ ਸਿੰਘ ਨੇ ਆਪਣੀ ਲੜਕੀ ਦੀ ਬਾਰਾਤ ਨੂੰ ਓਸ ਵੇਲੇ ਬੇਰੰਗ ਭੇਜ ਦਿਤਾ ਜਦੋਂ ਲਾੜੇ ਅਤੇ ਉਸ ਦੇ ਪਿਤਾ ਨੇ ਕਾਕਾ ਸਿੰਘ ਤੋਂ ਹੱਦੋਂ ਵੱਧ ਦਾਜ ਅਤੇ ਹੋਰ ਕਈ ਚੀਜ਼ਾਂ ਦੀ ਮੰਗ ਕੀਤੀ। ਇਹ ਬਾਰਾਤ ਲਾਗਲੇ ਪਿੰਡ ਜਸਪਾਲੋਂ ਤੋਂ ਗਈ ਸੀ।

ਲੜਕੇ ਤੇ ਉਸ ਦੇ ਪਿਤਾ ਨੂੰ ਪਿੰਡ ਦੇ ਲੋਕਾਂ ਨੇ ਦਾਜ ਵਧੇਰੇ ਮੰਗਣ ਸਮੇਂ ਕਾਫੀ ਸਮਝਾਇਆ ਪਰ ਉਨ੍ਹਾਂ ਆਪਣੀ ਅੜੀ ਕਾਇਮ ਰੱਖੀ। ਉਹਨਾਂ ਨੂੰ ਇਹ ਵੀ ਕਿਹਾ ਗਿਆ ਕਿ ਕਾਕਾ ਸਿੰਘ ਆਪਣੀ ਵਿੱਤ ਤੋਂ ਵੱਧ ਦਾਜ ਦੇ ਰਿਹਾ ਹੈ। ਕੁਝ ਬਾਰਾਤੀਆਂ ਨੇ ਵੀ ਉਨ੍ਹਾਂ ਨੂੰ ਸਮਝਾਇਆ। ਇਸ ਗੱਲ ਨੂੰ ਲੈਕੇ ਕਾਫੀ ਝਗੜਾ ਵੀ ਹੋਇਆ ਅਤੇ ਲੜਕੇ ਤੇ ਉਸਦੇ ਪਿਤਾ ਨੂੰ ਝਗੜੇ ਸਮੇਂ ਮਾਰ ਕੁੱਟ ਵੀ ਕੀਤੀ ਗਈ।

ਬਰਾਤ ਵਾਪਸ ਜਾਣ ਉਪਰੰਤ ਲੜਕੀ ਦੇ ਪਿਤਾ ਉਸ ਦੇ ਭਰਾ ਮੇਜਰ ਸਿੰਘ ਅਤੇ ਪਿੰਡ ਦੇ ਹੋਰ ਪਤਵੰਤਿਆਂ ਨੇ ਥਾਣਾ ਪਾਇਲ ਵਿੱਚ ਇਸ ਘਟਨਾ ਦੀ ਰਿਪੋਰਟ ਵੀ ਦਰਜ ਕਰਵਾਈ ਹੈ। ਪਿੰਡ ਮਕਸੂਦੜਾ ਦੇ ਨਿਵਾਸੀਆਂ ਨੇ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਇਨ੍ਹਾਂ ਦਾਜ ਦੇ ਲਾਲਚੀਆਂ ਵਿਰੁਧ ਸਖਤ ਕਾਰਵਾਈ ਕਰਵਾਏ।

ਫੌਜ ਅਜੇ ਮੁਕੰਮਲ ਤੌਰ ਤੇ ਨਹੀਂ ਹਟੇਗੀ — ਸ੍ਰੀਮਤੀ ਗਾਂਧੀ

ਨਵੀਂ ਦਿੱਲੀ — ਇਕ ਏਜੰਸੀ ਦੀ ਖਬਰ ਅਨੁਸਾਰ ਉਤਰ ਪ੍ਰਦੇਸ਼ ਵਿਚ ਜੋਸ਼ੀਮੱਠ ਦੀ ਥਾਂ ਤੇ ਇੰਦਰਾ ਗਾਂਧੀ ਨੇ ਫੌਜੀ ਜਵਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਦਹਿਸ਼ਤਪਸੰਦਾਂ ਨੇ ਕੇਵਲ ਹਿੰਦੂ ਹੀ ਕਤਲ ਨਹੀਂ ਸਨ ਕੀਤੇ ਸਗੋਂ ਸਿੱਖਾਂ ਨੂੰ ਵੀ ਕਤਲ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਖਬਰਾਂ ਵਿਚ ਕੋਈ ਸਚਾਈ ਨਹੀਂ ਕਿ ਦੋਵਾਂ ਫਿਰਕਿਆਂ ਵਿਚ ਰੰਜਸ਼ ਵਧੀ ਹੈ।

ਯੂ. ਐਨ. ਆਈ. ਅਨੁਸਾਰ ਸ੍ਰੀਮਤੀ ਗਾਂਧੀ ਨੇ ਕਿਹਾ, "ਜਿਸ ਸਮੇਂ ਪੰਜਾਬ ਵਿਚ ਖਿਚੋਤਾਣ ਆਪਣੀ ਸਿਖਰ ਤੇ ਸੀ ਉਸ ਸਮੇਂ ਉਸ ਸਮੇਂ ਦੀ ਬਹੁਗਿਣਤੀ ਹਿੰਦੂਆਂ ਲਈ ਸਦਭਾਵਨਾ ਰੱਖਦੀ ਸੀ ਅਤੇ ਉਨ੍ਹਾਂ ਦਾ ਦਹਿਸ਼ਤਪਸੰਦਾਂ ਨਾਲ ਕੋਈ ਸਹਿਯੋਗ ਨਹੀਂ ਸੀ।"

ਸ੍ਰੀਮਤੀ ਗਾਂਧੀ ਨੇ ਕਿਹਾ ਕਿ ਫੌਜ ਪੰਜਾਬ ਵਿਚ ਉਨਾ ਚਿਰ ਰਹੇਗੀ ਜਿੰਨਾ ਚਿਰ ਉਥੇ ਉਸਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਅੰਤਮ ਤਾਰੀਖ ਨਹੀਂ ਦੱਸ ਸਕਦੇ ਕਿਉਂਕਿ ਹਥਿਆਰ ਅਜੇ ਵੀ ਫੜੇ ਜਾ ਰਹੇ ਹਨ ਇਸ ਲਈ ਪੱਕੀ ਤਰ੍ਹਾਂ ਕਹਿਣਾ ਮੁਸ਼ਕਲ ਹੈ ਕਿ ਫੌਜ ਕਦੋਂ ਮੁਕੰਮਲ ਤੌਰ ਤੇ ਹਟਾਈ ਜਾ ਸਕੇਗੀ। ਗਾਂਧੀ ਨੇ ਕਿਹਾ ਕਿ ਫੌਜ ਦਾ ਅਜੇ ਹੋਰ ਠਹਿਰਨਾ ਇਸ ਲਈ ਵੀ ਜ਼ਰੂਰੀ ਹੈ ਕਿ ਲੋਕਾਂ ਨੂੰ ਅਜੇ ਵੀ ਸੁਰਖਿਆ ਦੀ ਲੋੜ ਹੈ ਅਤੇ ਦਹਿਸ਼ਤਪਸੰਦ ਅਜੇ ਵੀ ਲੁਕੇ ਹੋਏ ਹਨ।

Real Plumbing & Electrical Supply

7211 Main St.(at 56th Ave.)
VANCOUVER, B.C. V5X 3J3

- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ
- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ਼ ਇਨਸਟਾਲੇਸ਼ਨ

Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

Ph. 324 - 7066

NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

SUDESH KALIA

- * Life and Group Insurance
- * Retirement & Pension Plans
- * Company Pension and Health Benefit Plans
- * Estate Protection
- * Business & Mortgage Insurance

Ph. 685-9335

Sale

AMBIKA

5125 Victoria

PHONE: 32

Grand Ann

Sale Start 28th June,
Or While Qu

	Flour Section	
Sugar ਖੰਡ 5.97 10 kg.	Farine Atta ਆਟਾ 7.99 2x10 kg.	Golden Temple ਗੋਲਡਨ ਟੈਂਪਲ ਆਟਾ 4.89 10 kg.
Almond ਬਦਾਮ 6.99 3 lb.	Pea Flour (Besan) ਬੇਸਣ .99¢ 2 kg.	Bhatora Flour ਭਠੂਰਿਆਂ ਦਾ ਆਟਾ 4.99 2 kg.
Long Grain Rice ਲੌਂਗ ਗਰੇਨ ਚਾਵਲ 10.95 20 kg.	**Grind Your Own Masala** Dhania ਧਨੀਆ .99¢ lb.	Jeera Whole ਜੀਰਾ ਸਾਬਤ .99¢ lb.
Basmati Rice ਬਾਸਮਤੀ ਚਾਵਲ .59¢ lb.	Haldi ਹਲਦੀ .99¢ lb.	Mirch Powder ਮਿਰਚਾਂ ਪੀਸੀਆਂ .99¢ lb.
Apple Juice ਐਪਲ ਜੂਸ .99¢ litter	Recorded VHS Movie 6.99 each	

Vi

FOODS

rive, Vancouver

—0295

versary Sale

to 10th July 1984

ntities Last

Sale

Red Lentils ਲਾਲ ਮਸਰ 29¢ lb	**Daals Section** Peas ਪੀਜ਼ 19¢ lb	Moong ਮੂੰਗੀ 49¢ lb
Green Lintils ਹਰੇ ਮਸਰ 29¢ lb	India Masar ਮਸਰ 19¢ lb	Chick Peas ਕਾਬਲੀ ਛੋਲੇ 39¢ lb
Panchranga Achar ਪਚਰੰਗਾ ਆਚਾਰ 1.49 big tin	**Cans Section** Shona Saag ਸ਼ੋਹਣਾ ਸਾਗ 2 can for .99¢	Unico Chick Peas ਜਨੀਕੋ ਕਾਬਲੀ ਛੋਲੇ .99¢ 29 oz.
Corned Mutton ਕੌਰਨਡ ਮਟਨ 1.69	Nobob Tea ਨਵਾਬ ਚਾਹਪੱਤੀ 3.89 120 bag.	Rooh Afza ਰੂਹ ਅਫਜ਼ਾ 3.99 bottle
o Recorded Casset Tape 1.99 each		Coconut Milk ਕੋਕੋਨਟ ਦੁੱਧ 1.49 28 oz.

ਪੰਜਾਬ ਵਿਚ ਦਹਿਸ਼ਤਪਸੰਦੀ ਕਿਉਂ?

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪੰਜਾਬ ਵਿਚ ਬਹੁਤੇ ਅਫਸਰਾਂ ਨੇ ਆਪਣੀਆਂ ਤਰੱਕੀਆਂ ਲਈ ਛੇਤੀ ਨਤੀਜਿਆਂ ਦੇ ਕੇਂਦਰ ਸਰਕਾਰ ਨੂੰ ਭਰੋਸੇ ਦਿਤੇ। ਇਹ ਅਫਸਰਸ਼ਾਹੀ ਛੇਤੀ ਹੀ ਪੰਜਾਬ ਵਿਚ ਫੇਲ੍ਹ ਹੋ ਗਈ। ਰਾਤੋ ਰਾਤ ਤਬਦੀਲੀਆਂ ਦਾ ਚੱਕਰ ਚਲਿਆ ਕਦੇ ਇਕ ਅਫਸਰ ਇਕ ਥਾਂ, ਕਦੀ ਦੂਜੀ ਥਾਂ। ਆਏ ਦਿਨ ਐਸ. ਐਸ. ਪੀ. ਤਬਦੀਲ ਕੀਤੇ ਜਾਣ ਲੱਗੇ। ਇਸ ਦਾ ਸਿੱਟਾ ਇਕ ਹੀ ਨਿਕਲਦਾ ਹੈ ਕਿ ਰਾਜ ਸਰਕਾਰ ਤੇ ਕੇਂਦਰ ਸਰਕਾਰ ਛਛੋਪੰਜ ਵਿਚ ਫਸੀ ਹੋਈ ਸੀ।

ਕੇਂਦਰੀ ਰੀਜ਼ਰਵ ਪੁਲਸ

ਕੇਂਦਰੀ ਰੀਜ਼ਰਵ ਪੁਲਸ ਬਾਰੇ ਕੇਂਦਰ ਸਰਕਾਰ ਬਹੁਤ ਸਾਲਾਂ ਤੋਂ ਚੱਕਰ ਵਿਚ ਪਈ ਹੋਈ ਹੈ। ਹਾਲਾਂ ਕਿ ਕੇਂਦਰੀ ਰੀਜ਼ਰਵ ਪੁਲਸ ਬਾਰੇ ਕਾਨੂੰਨ ਬੜਾ ਸਪੱਸ਼ਟ ਹੈ। ਕੇਂਦਰੀ ਰੀਜ਼ਰਵ ਪੁਲਸ ਦੀ ਆਪਣੀ ਅਜ਼ਾਦ ਹਸਤੀ ਕੋਈ ਨਹੀਂ। ਇਹ ਕੇਵਲ ਵਾਧੂ ਟਰੇਂਡ ਮਨੁੱਖੀ ਤਾਕਤ ਹੈ ਅਤੇ ਜ਼ਿਲਾ ਅਧਿਕਾਰੀ ਇਸ ਨੂੰ ਜਿਵੇਂ ਵੀ ਚਾਹੁਣ ਵਰਤ ਸਕਦੇ ਹਨ। ਕੇਵਲ ਇਕ ਰੋਕ ਹੈ ਕਿ ਇਸ ਦੀ ਆਪਣੀ ਕਮਾਂਡ ਤੇ ਇਸ ਦਾ ਆਪਣਾ ਕੰਟਰੋਲ ਹੈ ਜਿਸਨੂੰ ਛੋਹਿਆ ਨਹੀਂ ਜਾ ਸਕਦਾ। ਪਰ ਖਾਸ ਕੰਮਾਂ ਲਈ ਜਿਵੇਂ ਚੋਣਾਂ ਸਮੇਂ, ਕੇਂਦਰ ਵਿਚ ਰਾਜ ਕਰ ਰਹੀ ਪਾਰਟੀ ਇਸ ਨੂੰ ਆਪਣੇ ਰਾਜਸੀ ਮੁਫਾਦਾਂ ਲਈ ਵਰਤਣ ਦੀ ਕੋਸ਼ਿਸ਼ ਵੀ ਕਰਦੀ ਹੈ ਜਿਵੇਂ ਜੰਮੂ ਅਤੇ ਕਸ਼ਮੀਰ ਦੀਆਂ ਚੋਣਾਂ ਵਿਚ ਇਸ ਨੂੰ ਇਸ ਕੰਮ ਲਈ ਭੇਜਿਆ ਗਿਆ ਪਰ ਕਸ਼ਮੀਰ ਸਰਕਾਰ ਨੇ ਕੇਂਦਰੀ ਰੀਜ਼ਰਵ ਪੁਲਸ ਨੂੰ ਕਿਤੇ ਵੀ ਚੋਣਾਂ ਵਿਚ ਤਾਈਨਾਤ ਨਾ ਕੀਤਾ ਤੇ ਨਾ ਹੀ ਚੋਣ ਕਮਿਸ਼ਨਰ ਕੋਲ ਅਜਿਹੇ ਅਧਿਕਾਰ ਸਨ ਕਿ ਉਹ ਕਸ਼ਮੀਰ ਸਰਕਾਰ ਨੂੰ ਕੇਂਦਰੀ ਰੀਜ਼ਰਵ ਪੁਲਸ ਨੂੰ ਤਾਈਨਾਤ ਕਰਨ ਲਈ ਮਜਬੂਰ ਕਰ ਸਕਦਾ।

ਪੰਜਾਬ ਵਿਚ, ਭਾਰਤ ਸਰਕਾਰ, ਠੀਕ ਜਾਂ ਗਲਤ, ਇਹ ਮਹਿਸੂਸ ਕਰਦੀ ਸੀ ਕਿ ਕੁਝ ਡੀ. ਸੀ. ਅਤੇ ਐਸ. ਐਸ. ਪੀ. ਅਕਾਲੀਆਂ ਨੂੰ ਖੁਸ਼ ਕਰਨ ਦੇ ਯਤਨਾਂ ਵਿਚ ਰਹਿੰਦੇ ਹਨ ਅਤੇ ਗ੍ਰਹਿ ਮੰਤਰਾਲੇ ਦੇ ਹੁਕਮਾਂ ਨੂੰ ਸਹੀ ਢੰਗ ਨਾਲ ਲਾਗ਼ਗ਼ ਨਹੀਂ ਕਰ ਰਹੇ। ਰਾਜਸੀ ਖਿਚੋਤਾਣ ਤੋਂ ਡਰਦਿਆਂ ਗ੍ਰਹਿ ਮੰਤਰਾਲੇ ਨੇ ਕੇਂਦਰੀ ਰੀਜ਼ਰਵ ਪੁਲਸ ਦਾ ਰੋਲ ਆਜ਼ਾਦ ਰੂਪ ਵਿਚ ਹੀ ਰਹਿਣ ਦਿਤਾ। ਇਸ ਨਾਲ ਨਾ ਤਾਂ ਜ਼ਿਲਾ ਪ੍ਰਸ਼ਾਸਨ ਨੂੰ ਕੋਈ ਲਾਭ ਪਹੁੰਚਿਆ ਅਤੇ ਨਾ ਹੀ ਕੇਂਦਰੀ ਰੀਜ਼ਰਵ ਪੁਲਸ ਆਪਣਾ ਕੰਮ ਕਰ ਸਕੀ। ਇਸ ਖਿਚੋਤਾਣ ਵਿਚ ਕੇਂਦਰੀ ਰੀਜ਼ਰਵ ਪੁਲਸ ਨੂੰ 'ਹਿੰਦੂ ਪੁਲਸ' ਕਿਹਾ ਜਾਣ ਲੱਗਾ(ਜਿਹੜੀ ਕਿ ਇਹ ਨਹੀਂ ਹੈ) ਤੇ ਕਈਆਂ ਥਾਵਾਂ ਤੋਂ ਇਸ ਨੂੰ ਹਟਾਉਣਾ ਪਿਆ। ਕੇਂਦਰੀ ਰੀਜ਼ਰਵ ਪੁਲਸ ਸੰਸਾਰ ਵਿਚ ਚੰਗੀ ਪੁਲਸ ਤਾਕਤ ਦੇ ਤੌਰ ਤੇ ਜਾਣੀ ਜਾਂਦੀ ਹੈ ਪਰ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਕੇਂਦਰੀ ਰੀਜ਼ਰਵ ਪੁਲਸ ਦਾ ਨਾਂ ਵੀ ਬਦਨਾਮ ਕੀਤਾ।

ਕੇਂਦਰੀ ਰੀਜ਼ਰਵ ਪੁਲੀਸ ਬਨਾਮ ਪੰਜਾਬ ਪੁਲੀਸ

ਕੇਂਦਰੀ ਰੀਜ਼ਰਵ ਪੁਲੀਸ ਨੂੰ ਉਸ ਕਿਸਮ ਦੀ ਸਿਖਲਾਈ ਨਹੀਂ ਦਿਤੀ ਜਾਂਦੀ ਜੋ ਆਮ ਪੁਲਸ ਨੂੰ ਦਿਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਕਰਫੀਊ ਪਾਸ ਚੈਕ ਕਰਨੇ ਜਾਂ ਮੋਟਰ ਗੱਡੀਆਂ ਨੂੰ ਚੈਕ ਕਾਰਨ ਸਥਾਨਕ ਪੁਲਸ ਦਾ ਕੰਮ ਹੈ। ਕੇਂਦਰੀ ਰੀਜ਼ਰਵ ਪੁਲਸ ਦਾ ਕੰਮ ਉਨ੍ਹਾਂ ਦੀ ਸਹਾਇਤਾ ਕਰਨਾ ਹੈ ਤਾਂ ਕਿ ਉਨ੍ਹਾਂ ਤਰੇ ਕੋਈ ਹਮਲਾ ਆਦਿ ਨਾ ਹੋਵੇ। ਕੇਂਦਰੀ ਰੀਜ਼ਰਵ ਪੁਲਸ ਨੂੰ ਨਾ ਤਾਂ ਸਥਾਨਕ ਲੋਕਾਂ ਬਾਰੇ ਵਾਕਫੀ ਹੁੰਦੀ ਹੈ ਅਤੇ ਕਈ ਵਾਰ ਬੋਲੀ ਦੀ ਸਮੱਸਿਆ ਵੀ ਖੜ੍ਹੀ ਹੋ ਜਾਂਦੀ ਹੈ ਇਸ ਕਰਕੇ ਕੇਂਦਰੀ ਰੀਜ਼ਰਵ ਪੁਲਸ ਇਕੱਲੀ ਇਹ ਕੰਮ ਨਹੀਂ ਸਕਦੀ। ਪਰ ਪੰਜਾਬ ਵਿਚ ਪੰਜਾਬ ਪੁਲਸ ਤਾਂ ਹੱਥ ਤੇ ਹੱਥ ਧਰਕੇ ਬੈਠੀ ਸੀ ਤੇ ਨਾਂ ਕੇਂਦਰੀ ਰੀਜ਼ਰਵ ਪੁਲਸ ਦਾ ਬਦਨਾਮ ਹੋ ਰਿਹਾ ਸੀ।

ਕੇਂਦਰੀ ਸਰਕਾਰ ਦੀ ਨਾਕਾਮੀ

ਇਸ ਪ੍ਰਸ਼ਾਸ਼ਨ ਦੇ ਫੇਅਲ ਹੋਣ ਦਾ ਮੁੱਖ ਕਾਰਨ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਸਨ। ਉਹ ਦਹਿਸ਼ਤਪਸੰਦੀ ਨੂੰ ਖਤਮ ਮੁਕੰਮਲ ਤੌਰ ਤੇ ਨਹੀਂ ਸੀ ਕਰਨਾ ਚਾਹੁੰਦੀ ਤਾਂ ਕਿ ਇਹ ਖੜਕਾ ਦੜਕਾ ਲੋਕ ਸਭਾ ਦੀਆਂ ਚੋਣਾਂ ਤੱਕ ਇਸੇ ਤਰ੍ਹਾਂ ਚਲਦਾ ਰਹੇ ਅਤੇ ਰਾਜ ਕਰ ਰਹੀ ਪਾਰਟੀ ਰਾਜਸੀ ਲਾਭ ਉਠਾ ਸਕੇ।

ਇਸ ਸਮੱਸਿਆ ਦਾ ਹੱਲ ਬੁਨਿਆਦੀ ਤਬਦੀਲੀਆਂ ਕਰਕੇ ਹੀ ਕੀਤਾ ਜਾ ਸਕਦਾ ਹੈ। ਇਹ ਠੀਕ ਹੈ ਕਿ ਬੁਨਿਆਦੀ ਤਬਦੀਲੀਆਂ ਲਈ ਵਕਤ ਲੱਗਦਾ ਹੈ ਪਰ ਇਨ੍ਹਾਂ ਦਾ ਆਰੰਭ ਤਾਂ ਕਰਨਾ ਹੀ ਪੈਂਦਾ ਹੈ। ਜੇ ਰਾਜਸੀ ਦ੍ਰਿੜਤਾ ਹੋਵੇ ਤਾਂ ਲੋਕਾਂ ਨੂੰ ਸਾਫ ਸੁਥਰਾ ਪ੍ਰਸਾਸ਼ਨ ਮਿਲੇ ਜਿਹੜਾ ਕਿ ਦ੍ਰਿੜਤਾ ਨਾ ਹੋਣ ਕਾਰਨ, ਰਾਸ਼ਟਰਪਤੀ ਰਾਜ ਵਿਚ ਵੀ ਲੋਕਾਂ ਨੂੰ ਨਹੀਂ ਮਿਲਿਆ।

ਇਹ ਦਹਿਸ਼ਤਪਸੰਦੀ ਦਾ ਮਸਲਾ ਕੇਵਲ ਪੰਜਾਬ ਦਾ ਮਸਲਾ ਨਹੀਂ ਰਹਿਣ ਲੱਗਾ ਅਤੇ ਨਾ ਹੀ ਰਿਹਾ ਹੈ। ਬੰਗਾਲ, ਮਹਾਂਰਾਸ਼ਟਰ, ਯੂ. ਪੀ., ਬਹਾਰ, ਮਨੀਪੁਰ, ਆਸਾਮ ਵਿਚ ਦਹਿਸ਼ਤਪਸੰਦੀ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਕਾਇਮ ਹੈ।

ਜੇ ਲੋਕਾਂ ਦੇ ਗਿਲੇ ਸ਼ਿਕਵੇ ਜਾਂ ਲੋਕਾਂ ਦੇ ਕੁਝ ਹਿੱਸੇ ਦੇ ਗਿਲੇ ਸ਼ਿਕਵੇ ਦੂਰ ਕਰਨੇ ਜਾਂ ਲਮਕਾਉਣੇ ਚੋਣ-ਨੀਤੀ ਤੇ ਆਧਾਰਿਤ ਹੋਣਗੇ ਤਾਂ ਇਹ ਦਹਿਸ਼ਤਪਸੰਦੀ ਕਿਸੇ ਵੀ ਸੂਬੇ ਵਿਚ ਕਿਸੇ ਵੀ ਸਮੇਂ ਉਭਰ ਸਕਦੀ ਹੈ ਤੇ ਦਹਿਸ਼ਤਪਸੰਦੀ ਨਾਲ ਕੁਰੱਪਟ, ਨਾਅਹਿਲ ਅਤੇ ਰਾਜਸੀ ਵਿਤਕਰੇ ਵਾਲੀ ਪੁਲਸ ਕਦੇ ਵੀ ਨਿਪਟ ਨਹੀਂ ਸਕਦੀ। ਏਸੇ ਕਾਰਨ ਕਾਨੂੰਨ ਲਾਗੂ ਕਰਨ ਵਾਲੀਆਂ ਸ਼ਕਤੀਆਂ ਭਾਰਤ ਵਿਚ ਕਿਤੇ ਵੀ ਕਾਨੂੰਨ ਲਾਗੂ ਕਰਨ ਵਿਚ ਸਮਰੱਥ ਨਹੀਂ ਹੋ ਸਕੀਆਂ। ਬੇਸ਼ੱਕ ਦਹਿਸ਼ਤਪਸੰਦੀ ਹੋਰ ਕਾਰਨ ਕਰਕੇ ਘਟੀ ਜਾਂ ਬਿਲਕੁਲ ਖਤਮ ਹੋ ਗਈ। ਕਿਉਂਕਿ ਦਹਿਸ਼ਤਪਸੰਦੀ ਨਾਲ ਕੁਰੱਪਟ ਪੁਲਸ ਅਫਸਰ ਕਦੇ ਵੀ ਲੋਹਾ ਲੈ ਹੀ ਨਹੀਂ ਸਕਦੇ।

ਜਿਵੇਂ ਪੱਛਮੀ ਬੰਗਾਲ ਤੇ ਕੇਰਲਾ ਵਿਚ ਦਹਿਸ਼ਤਪਸੰਦੀ ਘਟਣ ਦਾ ਕਾਰਨ ਹਿੰਸਾ ਵਿਰੁਧ ਹਿੰਸਾ ਸੀ। ਪੱਛਮੀ ਬੰਗਾਲ ਵਿਚ ਕਾਂਗਰਸ(ਆਈ) ਦੇ ਗੁੰਡੇ ਨਕਸਲਬਾੜੀਆਂ ਦੇ ਕਤਲਾਂ ਵਿਚ ਸ਼ਾਮਲ ਸਨ — ਕੇਰਲਾ ਵਿਚ ਸੀ. ਪੀ. ਆਈ(ਐਮ) ਤੇ ਆਰ. ਐਸ. ਐਸ. ਆਪਸ ਵਿਚ ਫਸ ਪਏ ਸਨ।

ਦਹਿਸ਼ਤਪਸੰਦੀ ਨਾਲ ਨਿਪਟਣ ਦੇ ਢੰਗ

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਦਹਿਸ਼ਤਪਸੰਦੀ ਦਾ ਮੁਕਾਬਲਾ ਕਿਸ ਢੰਗ ਨਾਲ ਕੀਤਾ ਜਾਏ? ਕਈ ਵਿਅਕਤੀ ਇਸ ਦਾ ਹੱਲ ਫੌਜ ਸੱਦਣਾ ਕਹਿੰਦੇ ਹਨ ਜਿਵੇਂ ਪੰਜਾਬ ਵਿਚ ਫੌਜ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਵੱਡੀ ਮੂਰਖਤਾ ਹੋਰ ਕੋਈ ਹੋ ਹੀ ਨਹੀਂ ਸਕਦੀ। ਫੌਜ ਦੁਸ਼ਮਣਾਂ ਨਾਲ ਲੋਹਾ ਲੈਣ ਲਈ ਟਰੇਂਡ ਕੀਤੀ ਹੁੰਦੀ ਹੈ ਅਤੇ ਇਹ ਬੇਕਿਰਦੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੀ ਹੈ - ਫੌਜ ਦੀ ਵਰਤੋਂ ਜੇ ਦਹਿਸ਼ਤਪਸੰਦੀ ਵਿਰੁੱਧ ਕੀਤੀ ਜਾਵੇ ਤਾਂ ਹੋ ਸਕਦਾ ਹੈ ਕਿ ਕੇਵਲ ਬੇਗੁਨਾਹ ਲੋਕ ਮਾਰੇ ਜਾਣ ਅਤੇ ਅਸਲੀ ਦੋਸ਼ੀ ਭਗੌੜੇ ਹੋ ਜਾਣ। ਦਹਿਸ਼ਤਪਸੰਦੀ ਨਾਲ ਨਿਪਟਣਾ ਪੁਲਸ ਦਾ ਕੰਮ ਹੈ। ਬੇਸ਼ੱਕ ਪੰਜਾਬ ਪੁਲਸ ਅਤੇ ਭਾਰਤ ਵਿਚ ਹੋਰ ਸੂਬਿਆਂ ਦੀ ਪੁਲਸ ਏਸ ਪੱਧਰ ਦੀ ਨਹੀਂ ਕਿ ਉਹ ਅਜਿਹਾ ਕੰਮ ਸਿਰੇ ਚੜ੍ਹਾਉਣ ਦੇ ਸਮਰੱਥ ਹੋਵੇ।

ਦਹਿਸ਼ਤਪਸੰਦੀ ਨਾਲ ਨਿਪਟਣ ਲਈ ਪੁਲਸ ਦੀਆਂ ਵੱਖ ਵੱਖ ਏਜੰਸੀਆਂ ਦਾ ਆਪਸੀ ਤਾਲਮੇਲ ਬਹੁਤ ਜ਼ਰੂਰੀ ਹੈ। ਕਮਾਂਡੋ ਦਸਤੇ ਖਿਚ-ਪੂਰਣ ਲੱਗਦੇ ਹਨ ਪਰ ਅਸਲ ਕੰਮ ਪੁਲਸ ਸਟੇਸ਼ਨਾਂ ਵਿਚ ਚੁਪ ਚਪੀਤੇ ਤੌਰ ਤੇ ਪੁਲਸ ਹੀ ਕਰ ਸਕਦੀ ਹੈ। ਪੁਲਸ ਵੀ ਤਾਂ ਹੀ ਕਾਮਯਾਬ ਹੋ ਸਕਦੀ ਹੈ ਜੇ ਲੋਕਾਂ ਦਾ ਭਰੋਸਾ ਜਿੱਤ ਸਕੇ। ਪਰ ਭਾਰਤ ਵਿਚ ਲੋਕਾਂ ਦੀ ਪੁਲਸ ਪ੍ਰਤੀ ਨਫਰਤ ਆਮ ਜਹੀ ਗੱਲ ਹੈ। ਕਿਉਂਕਿ ਜਿੰਨਾ ਭ੍ਰਿਸ਼ਟਾਚਾਰ ਪੁਲਸ ਫੈਲਾਉਂਦੀ ਹੈ, ਉਨਾ ਹੋਰ ਕੋਈ ਏਜੰਸੀ ਨਹੀਂ। ਜਿਸ ਤਰ੍ਹਾਂ ਦਿੱਲੀ ਵਿਚ ਜਿਥੇ ਅਕਾਲੀ ਲੀਡਰ ਸ: ਮਨਚੰਦਾ ਦਾ ਕਤਲ ਹੋਇਆ ਉਸ ਥਾਂ ਤੋਂ ਪੁਲਸ ਸਟੇਸ਼ਨ ਕੇਵਲ ਪੰਜ ਮਿੰਟ ਦਾ ਰਸਤਾ ਹੈ - ਪੁਲਸ ਸਟੇਸ਼ਨ ਹੀ ਨਹੀਂ ਸਗੋਂ ਦਿੱਲੀ ਪੁਲਸ ਦੇ ਹੈਡ ਕੁਆਰਟਰ ਉਥੇ ਸਨ। ਸੈਂਕੜੇ ਲੋਕ ਉਸ ਸਮੇਂ ਉਥੇ ਮੌਜੂਦ ਸਨ ਪਰ ਕਿਸੇ ਨੇ ਪੁਲਸ ਨੂੰ ਖਬਰ ਤੱਕ ਦੇਣ ਦੀ ਹਿੰਮਤ ਨਹੀਂ ਕੀਤੀ। ਪਛੇਤੀ ਸੂਚਨਾ ਮਿਲਣ ਨਾਲ ਦੋਸ਼ੀਆਂ ਦਾ ਫੜੇ ਜਾਣਾ ਉਂਝ ਹੀ ਮੁਮਕਿਨ ਨਹੀਂ ਸੀ।

ਖੁਫੀਆ ਵਿਭਾਗ ਅਹਿਮ ਰੋਲ ਅਦਾ ਕਰ ਸਕਦਾ ਹੈ। ਬਹੁਤੇ ਦਹਿਸ਼ਤਪਸੰਦ ਟੋਲੇ - ਭਾਰਤ ਵਿਚ ਜਾਂ ਬਦੇਸ਼ਾਂ ਵਿਚ - ਇਕ ਕੇਂਦਰ ਤੋਂ ਸ਼ੁਰੂ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਦਾ ਪਤਾ ਉਨ੍ਹਾਂ ਟੋਲਿਆਂ ਵਿਚ ਸ਼ਾਮਲ ਹੋ ਕੇ ਖੁਫੀਆ ਵਿਭਾਗ ਕਰ ਸਕਦਾ ਹੈ। ਪੰਜਾਬ ਵਿਚ ਖੁਫੀਆ ਵਿਭਾਗ ਬੜੀ ਦੇਰ ਨਾਲ ਹਕੀਕਤ ਦਾ ਪਤਾ ਕਰ ਸਕਿਆ ਜਦ ਤੱਕ ਹਾਲਾਤ ਗੰਭੀਰ ਹੋ ਚੁੱਕੇ ਹਨ।

ਨੀਮ-ਫੌਜੀ ਦਸਤੇ ਤੀਜੀ ਕੜੀ ਹਨ ਜੋ ਵਧੀਆ ਕੰਮ ਕਰ ਸਕਦੇ ਹਨ ਪਰ ਇਹ ਦਸਤੇ ਇਕੱਲੇ ਕੁਝ ਕਰਨ ਦੇ ਸਮਰੱਥ ਨਹੀਂ।

ਚੌਥੀ ਕੜੀ ਸਪੈਸ਼ਲ ਸੁਕੇਡ ਹਨ। ਬਰਤਾਨੀਆ, ਫਰਾਂਸ ਅਤੇ ਪੱਛਮੀ ਜਰਮਨੀ ਵਿਚ ਸਥਾਨਕ ਪੁਲਸ ਹੀ ਇਹ ਅਹਿਮ ਥਾਂ ਸਾਂਭਦੀ ਹੈ ਅਤੇ ਇਸ ਵਿਚ ਅਜਿਹੇ ਪੁਲਸੀਏ ਚੁਣੇ ਜਾਂਦੇ ਹਨ ਜੋ ਚੁਸਤ ਹੋਣ, ਸਰੀਰਕ ਤੇ ਦਿਮਾਗੀ ਤੌਰ ਤੇ ਫੁਰਤੀਲੇ, ਨਿਸ਼ਾਨੇਬਾਜ਼ ਅਤੇ ਜਿਨ੍ਹਾਂ ਨੂੰ ਉਸ ਇਲਾਕੇ ਦੀ ਪੂਰੀ ਜਾਣਕਾਰੀ ਹੋਵੇ। ਕਿਉਂਕਿ ਇਹ ਖਤਰੇ ਦਾ ਕੰਮ ਹੈ, ਇਸ ਲਈ ਉਨ੍ਹਾਂ ਨੂੰ ਤਨਖਾਹ ਵੀ ਵੱਧ ਦਿੱਤੀ ਜਾਂਦੀ ਹੈ। ਪਰ ਭਾਰਤ ਵਿਚ ਸਥਾਨਕ ਪੁਲਸ ਰਿਸ਼ਵਤ ਤੇ ਵੱਢੀ ਖੋਰੀ ਹੀ ਏਨੀ ਲੈਂਦੀ ਹੈ ਕਿ ਉਨ੍ਹਾਂ ਲਈ ਵੱਧ ਤਨਖਾਹ ਦਾ ਕੋਈ ਮਹੱਤਵ ਹੀ ਨਹੀਂ ਹੈ। ਇਸ ਕਰਕੇ ਪੰਜਾਬ ਅਤੇ ਦੂਜਿਆਂ ਸੂਬਿਆਂ ਵਿਚ ਪੁਲਸ ਇਸ ਕੰਮ ਦੇ ਯੋਗ ਹੀ ਨਹੀਂ ਹੈ। ਤੇ ਕੇਂਦਰੀ ਰੀਜ਼ਰਵ ਪੁਲਸ ਇਹ ਕੰਮ ਇਸ ਲਈ ਨਹੀਂ ਕਰ ਸਕਦੀ ਕਿਉਂਕਿ ਸਥਾਨਕ ਥਾਵਾਂ ਦੀ ਉਨ੍ਹਾਂ ਨੂੰ ਜਾਣਕਾਰੀ ਹੀ ਨਹੀਂ ਹੁੰਦੀ।

ਸਭ ਤੋਂ ਵੱਧ ਪੁਲਸ ਦੀ ਕੁਰੱਪਸ਼ਨ ਲਈ ਰਾਜਸੀ ਲੀਡਰ ਜ਼ਿਮੇਂਵਾਰ ਹਨ। ਜਿੰਨਾ ਚਿਰ ਪੁਲਸ ਦੇ ਮਾਮਲੇ ਵਿਚ ਰਾਜਸੀ ਨੇਤਾ ਆਪਣਾ ਦਖਲ ਦੇਣਾ ਬੰਦ ਨਹੀਂ ਕਰਦੇ, ਪੁਲਸ ਵਿਚ ਸੁਧਾਰ ਨਹੀਂ ਹੋ ਸਕਦਾ। ਏਥੇ ਬਰਤਾਨੀਆ ਦੀ ਉਦਾਹਰਣ ਦਿਤੀ ਜਾ ਸਕਦੀ ਹੈ। ਸਰ ਰਾਬਰਟ ਮਾਰਕਸ ਨੇ ਇਕ ਕਿਤਾਬ ਲਿਖੀ ਹੈ। ਮਾਰਕਸ ਲੰਡਨ ਵਿਚ ਪੁਲਸ ਕਮਿਸ਼ਨਰ ਸੀ ਅਤੇ ਆਈ. ਆਰ. ਏ. ਦੀ ਦਹਿਸ਼ਤਪਸੰਦੀ ਨਾਲ ਨਜਿੱਠਣ ਲਈ ਉਸਨੂੰ ਲਾਇਆ ਗਿਆ। ਕਾਰ ਬੰਬ, ਚਿਠੀਆਂ ਵਿਚ ਬੰਬ ਆਦਿ ਲੰਡਨ ਵਿਚ ਰੋਜ਼ ਦੀਆਂ ਘਟਨਾਵਾਂ ਬਣ ਗਈਆਂ ਸਨ। ਪਰ ਕਿਸੇ ਰਾਜਸੀ ਲੀਡਰ ਦੇ ਦਖਲ ਤੋਂ ਬਿਨਾਂ ਲੰਡਨ ਪੁਲਸ ਨੇ ਇਨ੍ਹਾਂ ਘਟਨਾਵਾਂ ਤੇ ਕਾਬੂ ਪਾਇਆ।

ਬਰਤਾਨਵੀ ਪੁਲਸ ਨੇ ਆਮ ਲੋਕਾਂ ਦਾ ਵਿਸ਼ਵਾਸ਼ ਜਿੱਤ ਕੇ ਦਹਿਸ਼ਤਪਸੰਦੀ ਤੇ ਕਾਬੂ ਪਾਇਆ ਤੇ ਦੱਸਿਆ ਕਿ ਦਹਿਸ਼ਤਪਸੰਦੀ ਕਿਸ ਤਰ੍ਹਾਂ ਦੇ ਖਤਰੇ ਖੜ੍ਹੇ ਕਰਦੀ ਹੈ। ਇਸੇ ਤਰ੍ਹਾਂ ਫਰਾਂਸੀਸੀ ਪੁਲਸ ਨੇ ਦਹਿਸ਼ਤਪਸੰਦੀ ਨਾਲ ਦਸਤਪੰਜਾ ਲਿਆ ਹੈ। ਜਰਮਨੀ ਨੇ ਪੁਲਸ ਨੂੰ ਵਧੀਆ ਟਰੇਨਿੰਗ ਅਤੇ ਤਕਨਾਲੋਜੀ ਦੇ ਕੇ ਇਸ ਦਹਿਸ਼ਤਪਸੰਦੀ ਤੇ ਕਾਬੂ ਪਾਇਆ।

ਹਰ ਮੁਲਕ ਦੀਆਂ ਆਪਣੀਆਂ ਮੁਸ਼ਕਲਾਂ ਹੁੰਦੀਆਂ ਹਨ ਅਤੇ ਆਪਣਾ ਇਤਿਹਾਸ - ਇਸੇ ਕਾਰਨ ਹੱਲ ਵੀ ਵੱਖੋ ਵਾਖ ਹੋ ਸਕਦੇ ਹਨ। ਆਇਰਸ਼ ਲੋਕਾਂ ਦੇ ਅੰਗਰੇਜ਼ਾਂ ਨਾਲ ਝਗੜੇ ਦੀਆਂ ਜੜ੍ਹਾਂ 300 ਸਾਲ ਪੁਰਾਣੀਆਂ ਹਨ ਜਰਮਨੀ ਵਿਚ ਬੁੱਧੀਜੀਵੀ ਤਬਕਾ ਦਹਿਸ਼ਤਪਸੰਦੀ ਦੀ ਹਮਾਇਤ ਕਰਦਾ ਹੈ ਅਤੇ ਪ੍ਰਬੰਧਕ ਢਾਂਚੇ ਦੇ ਵਿਰੁਧ ਖੜ੍ਹਾ ਹੈ; ਪੈਰਸ ਦੇ ਲੋਕ ਅਤੇ ਇਟਲੀ ਦੇ ਲੋਕ ਲੱਖਪਤੀਆਂ ਦੇ ਅਗਵਾ ਕੀਤੇ ਜਾਣ ਨੂੰ ਜਾਂ ਰਾਜਸੀ ਲੀਡਰਾਂ ਦੇ ਮਾਰੇ ਜਾਣ ਦੀਆਂ ਕਹਾਣੀਆਂ ਨੂੰ ਸੁਆਦ ਨਾਲ ਪੜ੍ਹਦੇ ਹਨ। ਭਾਰਤ ਨੂੰ ਵੀ ਦਹਿਸ਼ਤਪਸੰਦੀ ਨਾਲ ਨਜਿੱਠਣ ਲਈ ਆਪਣੀ ਕਿਸਮ ਦਾ ਢੰਗ ਅਪਨਾਉਣਾ ਪਵੇਗਾ।

ਇਸ ਬਾਰੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ। ਦਹਿਸ਼ਤਪਸੰਦੀ ਆਪਣੇ ਆਪ ਕਦੇ ਖਤਮ ਨਹੀਂ ਹੁੰਦੀ। ਜਿੰਨਾ ਚਿਰ ਭਾਰਤ ਵਿਚ ਜਾਂ ਪੰਜਾਬ ਵਿਚ ਸਿਆਸੀ ਨੁਕਤੇ ਤੋਂ ਪ੍ਰਸ਼ਾਸ਼ਕ ਕੰਮ ਚਲਾਵੇਗਾ, ਭ੍ਰਿਸ਼ਟਾਚਾਰੀ ਅਤੇ ਨਿਕੰਮੀ ਪੁਲਸ ਮਸ਼ੀਨਰੀ ਰਹੇਗੀ, ਹਥਿਆਰਾਂ ਦੇ ਭੰਡਾਰ ਬਣੇ ਰਹਿਣਗੇ, ਕਾਨੂੰਨ ਦੀ ਖਿਲਾਫਵਰਜ਼ੀ ਦਾ ਕਾਰਨ ਹਿੰਸਾ ਦਾ ਮਾਹੌਲ ਰਹੇਗਾ — ਇਹ ਦਹਿਸ਼ਤਪਸੰਦੀ ਘਟਣ ਦੀ ਥਾਂ ਵਧੇਗੀ।

ਜਿੰਨੇ ਮਰਜ਼ੀ ਤਕੜੇ ਪ੍ਰਬੰਧਕ ਲਾਏ ਜਾਣ - ਜਿੰਨਾ ਚਿਰ ਰਾਜਸੀ ਅਤੇ ਪ੍ਰਸ਼ਾਸ਼ਕ ਢਾਂਚੇ ਵਿਚ ਤਬਦੀਲੀਆਂ ਨਹੀਂ ਹੁੰਦੀਆਂ - ਇਹ ਮਸਲਾ ਇੰਝ ਹੀ ਰਹੇਗਾ। ਨਾਜ਼ਕ ਸਵਾਲਾਂ ਨੂੰ ਰਾਜਸੀ ਪਿੜ ਵਿਚੋਂ ਕੱਢ ਕੇ ਸੁਪਰੀਮ ਕੋਰਟ ਵਰਗੇ ਨਿਰਪੱਖ ਅਦਾਰਿਆਂ ਨੂੰ ਸੰਭਾਲਣਾ ਪਵੇਗਾ। ਜਿਵੇਂ ਪੰਜਾਬ ਦਾ ਮਸਲਾ ਏਨਾ ਨਾਜ਼ਕ ਹੋ ਗਿਆ ਹੈ ਕਿ ਰਾਜਸੀ ਲੀਡਰ ਇਸ ਦਾ ਫੈਸਲਾ ਨਹੀਂ ਕਰ ਸਕਣਗੇ। ਇਹ ਸੁਪਰੀਮ ਕੋਰਟ ਵਰਗੇ ਅਦਾਰੇ ਹੀ ਫੈਸਲੇ ਦੇ ਸਕਣਗੇ। ਜਿਵੇਂ ਸਾਬਕਾ ਕਸ਼ਮੀਰ ਦੇ ਗਵਰਨਰ ਸ੍ਰੀ ਬੀ. ਕੇ. ਨਹਿਰੂ ਨੇ ਹੈਦਰਾਬਾਦ ਵਿਚ ਕਿਹਾ ਹੈ ਕਿ ਸਿਆਸੀ ਲੀਡਰਾਂ ਦੇ ਹੱਥਾਂ ਵਿਚੋਂ ਅਫਸਰਾਂ ਦੀਆਂ ਤਰੱਕੀਆਂ ਅਤੇ ਤਬਦੀਲੀਆਂ ਕੱਢ ਲੈਣੀਆਂ ਚਾਹੁੰਦੀਆਂ ਹਨ। ਭਾਰਤ ਵਿਚ ਰਾਜਸੀ ਭ੍ਰਿਸ਼ਟਾਚਾਰ ਕਾਰਨ ਹੀ ਹਰ ਪੱਧਰ ਤੇ ਭ੍ਰਿਸ਼ਟਾਚਾਰ ਤੇ ਕੁਰੱਪਸ਼ਨ ਫੈਲੀ ਹੈ। ਜਿੰਨਾ ਚਿਰ ਰਾਜਸੀ ਭ੍ਰਿਸ਼ਟਾਚਾਰ ਖਤਮ ਨਹੀਂ ਕੀਤਾ ਜਾਂਦਾ ਨਿਰਪੱਖ ਅਤੇ ਈਮਾਨਦਾਰ ਫੈਸਲੇ ਨਹੀਂ ਹੋ ਸਕਦੇ। ਨਿਰਪੱਖਤਾ ਤੇ ਈਮਾਨਦਾਰੀ ਤੋਂ ਬਿਨਾਂ ਦਹਿਸ਼ਤਪਸੰਦੀ ਪੰਜਾਬ ਕੀ ਹਰ ਸੂਬੇ ਵਿਚ ਪੁਲਸ ਮਸ਼ੀਨਰੀ ਨੂੰ ਤਹਿਸ਼ ਨਹਿਸ਼ ਕਰ ਦੇਵੇਗੀ। ਅਕਾਲੀ ਮੰਗਾਂ ਨਾਲੋਂ ਵੀ ਮਸਲੇ ਜ਼ਿਆਦਾ ਡੂੰਘੇ ਹਨ। ਜੇ ਹਰ ਚੀਜ਼ ਨੂੰ ਸਿਆਸੀ ਢੰਗ ਨਾਲ ਹੀ ਨਜਿਠਿਆ ਜਾਣਾ ਹੈ ਤਾਂ ਦਹਿਸ਼ਤਪਸੰਦੀ ਘਟਣ ਦੀ ਥਾਂ ਹੋਰ ਵਧੇਗੀ।

(ਇਹ ਉਪਰੋਕਤ ਲੇਖ ਹਫਤੇਵਾਰ 'ਦੀ ਵੀਕ' ਦੇ ਲੇਖ ਤੇ ਆਧਾਰਤ ਹੈ)

ਖੁਸ਼ੀ — ਨਵੀਂ ਜੁੱਤੀ, ਜੋ ਪੈਰਾਂ ਨੂੰ ਛਾਲੇ ਪਾ ਦਿੰਦੀ ਹੈ।
ਗਮੀ — ਜੋਕ, ਜੋ ਸਿਰਫ ਗੰਦਾ ਲਹੂ ਹੀ ਪੀਂਦੀ ਹੈ।
ਜ਼ਿੰਦਗੀ — ਹਵਾਈ ਜਹਾਜ਼ ਜਿਸ ਵਿਚ ਰੀਵਰਸ ਗੇਅਰ ਕੋਈ ਨਹੀਂ।
ਮੌਤ — ਜਿਸ ਦੀ ਉਡੀਕ ਵਿਚ ਨੱਕ ਤੇ ਰੁਮਾਲ ਰੱਖ ਕੇ ਬੈਠਣਾ ਪੈਂਦਾ ਹੈ।
ਜਨਮ ਦਿਨ — ਉਹ ਫਕੀਰ ਜੋ ਸਾਲ ਵਿਚ ਇਕ ਵਾਰੀ ਖੈਰ ਮੰਗ ਕੇ ਤੁਰ ਜਾਏ।
ਬਾਪ — ਫਲਦਾਰ ਦਰਖ਼ਤ, ਜੋ ਸੁੱਕ ਕੇ ਬਾਲਣ ਦਾ ਕੰਮ ਦਿੰਦਾ ਹੈ।

ਸੂਰਾ ਸੋ ਪਹਿਚਾਨੀਐ........

ਬੰਤ ਸਿੰਘ ਨਾਗਰਾ, ਨਿਊਵੈਸਟ

ਕਾਫੀ ਅਰਸੇ ਤੋਂ ਸਿੱਖ ਜਗਤ ਨੂੰ ਜ਼ਿਆਦਾ ਆਗੂ ਸਿਰਫ "ਕਹਿਣੀ" ਵਾਲੇ ਹੀ ਮਿਲੇ ਹਨ ਤੇ ਬਹੁਤ ਘੱਟ "ਕਰਨੀ" ਵਾਲੇ ਨਸੀਬ ਹੋਏ ਹਨ ਤੇ ਜਿਹੜੇ ਚੰਦ ਕੁ "ਕਰਨੀ" ਵਾਲੇ ਹੋਏ ਵੀ ਹਨ ਉਨ੍ਹਾਂ ਨੂੰ ਇਨ੍ਹਾਂ ਖੁਦਗਰਜ਼ ਤੇ ਚੌਧਰ ਦੇ ਭੁਖੇ "ਕਹਿਣੀ" ਵਾਲਿਆਂ ਨੇ ਝੂਠੇ ਇਲਜ਼ਾਮਾਂ ਦੇ ਆਸਰੇ ਆਖਰੀ ਦਮ ਤੱਕ ਸਿੱਖਾਂ ਦੇ ਮਨ ਵਿਚ ਥਾਂ ਨਹੀਂ ਲੈਣ ਦਿੱਤੀ। ਇਸ ਨੂੰ ਵਾਹਿਗੁਰੂ ਦੀ ਜਾਂ ਕਹੋ ਜਾਂ ਸਿੱਖ ਕੌਮ ਦੀ ਬਦਕਿਸਮਤੀ ਕਹੋ ਜਾਂ ਫਿਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਨ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਖੁਆਰ ਹੋਏ ਸਭ ਮਿਲੇਂਗੇ ਬਚੇ ਸਰਣਿ ਜੋ ਹੋਇ।" ਅਨੁਸਾਰ ਖਾਲਸੇ ਦੇ ਰਾਜ ਤੋਂ ਪਹਿਲਾਂ ਸਿੱਖਾਂ ਨੂੰ ਜੋ ਖੱਜਲ ਖੁਆਰੀ ਹੋਣੀ ਹੈ ਉਸਦਾ ਹੀਲਾ ਵਸੀਲਾ ਇਸ ਨੂੰ ਕਹਿ ਲਉ। ਇਨਾਂ "ਕਹਿਣੀ" ਵਾਲੇ ਆਗੂਆਂ ਨੇ ਆਪਦੀ ਜਾਨ ਬਚਾਉਣ ਖਾਤਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਨਮੁਖ ਕੀਤੇ ਪ੍ਰਣ ਬਦਲਣ ਤੋਂ ਵੀ ਝਿਜਕ ਨਹੀਂ ਕੀਤੀ ਜਿਵੇਂ ਸੰਤ ਫਤਹਿ ਸਿੰਘ ਨੇ ਜਦੋਂ ਦੇਖਿਆ ਕਿ ਬੀਬੀ ਇੰਦਰਾ ਉਸਦੀਆਂ ਪੂਰੀਆਂ ਮੰਗਾਂ ਨਾ ਮੰਨਣ ਤੇ ਚੰਗੀ ਤਰ੍ਹਾਂ ਅੜੀ ਹੋਈ ਹੈ ਤੇ ਉਸਦਾ ਅਗਨੀ ਭੇਂਟ ਹੋਣ ਦਾ ਦਿਨ ਨੇੜੇ ਆ ਰਿਹਾ ਹੈ ਤਾਂ ਉਸਨੇ ਝਟਪਟ ਗੁਰਨਾਮ ਸਿੰਘ ਨੂੰ ਦਿੱਲੀ ਭੇਜਿਆ ਕਿ ਜਿਵੇਂ ਵੀ ਇੰਦਰਾ ਮੰਨਦੀ ਹੈ ਸਮਝੌਤਾ ਕਰ ਆ। ਜਿਉਂਦਾ ਤਾਂ ਸੰਤ ਫਤਹਿ ਫਿਰ ਵੀ ਸਦਾ ਨਹੀਂ ਰਿਹਾ ਪਰ ਦੂਨੀਆਂ ਨੂੰ ਗਲਤ ਫਹਿਮੀ ਜ਼ਰੂਰ ਪਾ ਗਿਆ ਕਿ ਸਿੱਖ ਦਾ ਗੁਰੂ ਦੇ ਸਨਮੁਖ ਕੀਤਾ ਪ੍ਰਣ ਕਦੇ ਇੰਨਾ ਕੱਚਾ ਵੀ ਹੋ ਸਕਦਾ ਹੈ ਤੇ ਸਿੱਖ ਕੌਮ ਦੇ ਜਜਬਾਤਾਂ ਨੂੰ ਆਪਦੀ ਜਾਨ ਬਚਾਉਣ ਦੀ ਖਾਤਰ ਵੇਚ ਗਿਆ। ਦੂਸਰੇ ਪਾਸੇ "ਕਰਣੀ" ਵਾਲਾ ਸਿੱਖ ਦਰਸ਼ਨ ਸਿੰਘ ਫੇਰੂਮਾਨ ਗੁਰੂ ਦੇ ਸਨਮੁਖ ਕੀਤੇ ਪ੍ਰਣ ਤੋਂ ਆਖਰੀ ਦਮ ਤੱਕ ਪਿਛੇ ਨਹੀਂ ਹਟਿਆ ਤੇ ਸਿੱਖ ਕੌਮ ਲਈ ਹੱਸ ਕੇ ਆਪਣੀ ਜਾਨ ਕੁਰਬਾਨ ਕਰ ਗਿਆ ਜਿਸਨੂੰ ਇਨ੍ਹਾਂ "ਕਹਿਣੀ" ਵਾਲੇ ਆਗੂਆਂ ਨੇ ਉਸਦੇ ਆਖਰੀ ਦਮ ਤੱਕ ਕਾਂਗਰਸ ਦਾ ਏਜੰਟ ਕਹਿ ਕੇ ਭੰਡਿਆ ਸੀ। ਅਜ ਉਹੀ ਤਵਾਰੀਖ ਫਿਰ ਦੂਹਰਾਈ ਗਈ ਹੈ ਅਜ ਫਿਰ ਇਕ "ਕਹਿਣੀ" ਵਾਲੇ ਆਗੂ ਜਿਸਨੂੰ ਸਿੱਖ ਕੌਮ ਦੇ ਧਰਮ-ਯੁੱਧ ਮੋਰਚੇ ਦੀ ਵਾਗਡੋਰ ਸੰਭਾਲੀ ਤੇ ਜਿਸਨੇ ਅਨੰਦਪੁਰ ਵਿਚ ਗੁਰੂ ਦੇ ਸਨਮੁਖ ਕੀਤੇ ਪ੍ਰਣ ਨੂੰ ਬਦਲ ਕੇ ਇੰਦਰਾ ਸਰਕਾਰ ਨਾਲ ਕਦੋਂ ਦਾ ਸਮਝੌਤਾ ਕਰ ਲਿਆ ਹੁੰਦਾ ਤੇ ਸਿੱਖ ਕੌਮ ਦੇ ਜਜਬਾਤਾਂ ਨੂੰ ਇਕ ਵਾਰੀ ਫੇਰ ਵੇਚ ਦਿਤਾ ਹੁੰਦਾ ਜੇ ਉਸਦੇ ਰਸਤੇ ਵਿਚ ਇਕ "ਕਰਣੀ" ਵਾਲਾ ਸਿੱਖ ਚਟਾਨ ਬਣਕੇ ਨਾ ਖੜਦਾ। ਧਰਮਯੁੱਧ ਦੇ ਇਸ ਡਿਕਟੇਟਰ ਅਤੇ ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਰੱਖਣ ਲਈ ਮਰਜੀਵੜਿਆਂ ਦੀ ਸੈਨਾ ਦੇ ਇਸ ਸੈਨਾਪਤੀ ਨੇ ਪਹਿਲੀ ਗੋਲੀ ਚਲਣ ਤੋਂ ਪਹਿਲਾਂ ਹੀ ਬੜੀ ਬੇਗੈਰਤੀ ਨਾਲ ਹਥਿਆਰ ਸੁੱਟ ਕੇ ਆਪਦੀ ਜਾਨ ਬਚਾਉਣ ਖਾਤਰ ਗ੍ਰਿਫਤਾਰੀ ਦੇ ਦਿਤੀ ਜਦ ਇਕ ਹੋਰ "ਕਹਿਣੀ" ਵਾਲੇ ਆਗੂ ਨੇ ਅੰਮ੍ਰਿਤਸਰ ਵਿਚ ਹਾਲਾਤ ਦਾ ਜਾਇਜ਼ਾ ਲੈਣ ਦੇ ਬਹਾਨੇ ਹਿੰਦੂ ਸਾਮਰਾਜ ਦੀ ਫੌਜ ਦੇ ਮਨਸੂਬੇ ਦੀ ਕੰਨਸੋਅ ਉਸਦੇ ਕੰਨ ਵਿਚ ਆ ਕੇ ਪਾਈ। ਦੂਸਰੇ ਪਾਸੇ ਅਜ ਫੇਰ ਇਕ "ਕਰਣੀ" ਵਾਲੇ ਸਿੱਖ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਹਿੰਦੂ ਸਾਮਰਾਜੀਆਂ ਨੂੰ ਤੇ ਦੁਨੀਆਂ ਨੂੰ ਇਹ ਦੱਸ ਦਿਤਾ ਹੈ ਕਿ ਗੁਰੂ ਦਾ ਅਸਲੀ ਸਿੱਖ ਗੁਰੂ ਦੇ ਸਨਮੁਖ ਕੀਤੇ ਪ੍ਰਣ ਨੂੰ ਕਿਸੇ ਕੀਮਤ ਤੇ ਨਹੀਂ ਤੋੜਦਾ। ਅਜ ਵੀ ਸਿੱਖਾਂ ਵਿਚ ਉਹ ਬਹਾਦਰ ਯੋਧੇ ਹਨ ਜਿਹੜੇ ਤਾਕਤ ਅੱਗੇ ਗੋਡੇ ਨਹੀਂ ਟੇਕਦੇ ਤੇ ਜਿਹੜੇ ਸਿੱਖ ਕੌਮ ਦੀ ਅਣਖ ਖਾਤਰ ਹੱਸ ਹੱਸ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ ਹਨ। ਇਹ "ਕਹਿਣੀ" ਵਾਲੇ ਆਗੂ ਆਖਰੀ ਘੜੀ ਤੱਕ ਇਸ ਸੂਰਮੇ ਸੰਤ ਜਰਨੈਲ ਸਿੰਘ ਨੂੰ ਕਾਂਗਰਸ ਦਾ ਏਜੰਟ ਕਹਿ ਕੇ ਨਿੰਦਦੇ ਰਹੇ ਹਨ ਤੇ ਉਸਨੂੰ ਨੀਚਾ ਦਿਖਾਉਣ ਲਈ "ਸੰਤ ਭਿੰਡਰਾਂਵਾਲੇ" ਦੀ ਥਾਂ "ਸੰਤ ਚੌਂਕ ਮਹਿਤੇ ਵਾਲਾ" ਕਹਿੰਦੇ ਰਹੇ ਹਨ। ਭਾਵੇਂ ਇਨਾਂ ਖੁਦਗਰਜ਼ ਆਗੂਆਂ ਵਲੋਂ ਪਾਈਆਂ ਗਈਆਂ ਗਲਤ ਫਹਿਮੀਆਂ ਕਰਕੇ ਸੰਤ ਜਰਨੈਨ ਸਿੰਘ ਨੂੰ ਸਿੱਖ ਜਗਤ ਨੇ ਆਪਣੇ ਦਿਲ ਵਿਚ ਯੋਗ ਥਾਂ ਲਹੀਂ ਦਿਤਾ ਪਰ ਇਨ੍ਹਾਂ ਸੂਰਮਿਆਂ ਦੀ ਕੁਰਬਾਨੀ ਦੇ ਸਦਕੇ ਅਜ ਦੂਨੀਆਂ ਦਾ ਹਰ ਅਸਲੀ ਸਿੱਖ ਸੂਰਮੇ ਛੋਟੇ ਛੋਟੇ ਹਥਿਆਰਾਂ ਨਾਲ ਵਹਿਸ਼ੀ ਸਾਮਰਾਜ ਦੀ ਟੈਂਕਾਂ ਤੇ ਰਾਕਟਾਂ ਨਾਲ ਲੈਸ ਫੌਜ ਦੀ ਬਟਾਲੀਅਨ ਨਾਲ ਲੋਹਾ ਲੈਣ ਦੇ ਕਾਬਿਲ ਹਨ। ਭਾਵੇਂ ਅਜ ਸਾਨੂੰ ਇਸ ਖੂਨੀ ਸਾਕੇ ਦੀ ਮਹਾਨਤਾ ਦਾ ਪੂਰਾ ਅਹਿਸਾਸ ਨਾ ਹੋਵੇ ਪਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸਦਾ ਉਸੇ ਤਰ੍ਹਾਂ ਅਹਿਸਾਸ ਹੋਵੇਗਾ ਜਿਵੇਂ ਸਾਨੂੰ ਚਮਕੌਰ ਦੀ ਗੜੀ ਦੇ ਸਾਕੇ ਤੇ ਬਾਬਾ ਦੀਪ ਸਿੰਘ ਦੇ ਮੁਠੀ ਭਰ ਸਿਦਕੀ ਸਿੰਘਾਂ ਦੀ ਫੌਜ ਨਾਲ ਵਹਿਸ਼ੀ ਹਾਕਮਾਂ ਤੋਂ ਦਰਬਾਰ ਸਾਹਿਬ ਨੂੰ ਅਜ਼ਾਦ ਕਰਾਉਣ ਲਈ ਕੀਤੇ ਗਏ ਸਾਕੇ ਦਾ ਹੈ। ਜੇ ਧਰਮਯੁੱਧ ਡਿਕਟੇਟਰ ਵਾਂਗ ਸਾਹਿਬ ਸ੍ਰੀ ਗੁਰੂ ਗੋਬਿੰਦ ਤੇ ਚਾਲੀ ਸਿੱਖ ਮੁਗਲ ਸਾਮਰਾਜ ਦੀ ਲੱਖਾਂ ਦੀ ਗਿਣਤੀ ਦੀ ਸੈਨਾ ਅੱਗੇ ਗੋਡੇ ਟੇਕ ਦਿੰਦੇ ਤਾਂ ਅਜ ਦੂਨੀਆਂ ਵਿਚ ਸਿੱਖ ਨਾਮ ਦੀ ਕੋਈ ਕੌਮ ਹੀ ਨਾ ਹੁੰਦੀ ਤੇ ਜੇ ਬਾਬਾ ਦੀਪ ਸਿੰਘ ਤਲੀ ਤੇ ਸਿਰ ਧਰ ਕੇ ਯੁੱਧ ਨਾ ਕਰਦਾ ਤਾਂ ਦਰਬਾਰ ਸਾਹਿਬ ਦੇ ਨਾਮ ਦਾ ਸਿੱਖ-ਧਰਮ ਦਾ ਕੇਂਦਰ ਨਾ ਹੁੰਦਾ।

ਅੰਮ੍ਰਿਤਸਰ ਦੇ ਇਸ ਘੱਲੂਘਾਰੇ ਨੇ ਸਿੱਖ ਜਗਤ ਨੂੰ ਕਈ ਪੱਖਾਂ ਤੋਂ ਚਾਨਣਾ ਕਰ ਦਿਤਾ ਹੈ। ਪਹਿਲਾਂ ਤਾਂ ਇਹ ਕਿ ਦੂਨੀਆਂ ਦੀ ਬਰਾਦਰੀ ਵਿਚ ਉਨ੍ਹਾਂ ਦਾ ਕੋਈ ਹਿਮਾਇਤੀ ਨਹੀਂ ਕਿਉਂਕਿ ਅਜੇ ਤੱਕ ਦੂਨੀਆਂ ਦੇ ਕਿਸੇ ਰਾਜਨੀਤਕ ਜਾਂ ਧਾਰਮਿਕ ਆਗੂ ਨੇ ਸਿੱਖ-ਧਰਮ ਦੇ ਕੇਂਦਰ ਨੂੰ ਢਾਹ ਢੇਰੀ ਕਰਨ ਦੇ ਵਿਰੋਧ ਵਿਚ ਇਕ ਲਫਜ਼ ਤਕ ਨਹੀਂ ਬੋਲਿਆ। ਦੂਸਰਾ ਇਹ ਕਿ ਹਿੰਦੂ ਸਾਮਰਾਜੀਆਂ ਨਾਲੋਂ ਵੀ ਸਿੱਖਾਂ ਦੇ ਵੱਡੇ ਵੈਰੀ ਕੁਰਸੀਆਂ ਦੇ ਪੁਤ ਖੁਦਗਰਜ਼ ਸਿੱਖ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਡਾ ਆਪਦੇ ਆਪ ਨੂੰ "ਸਿੰਘ ਸਾਹਿਬ ਗਿਆਨੀ ਕਹਾਉਣ ਵਾਲਾ ਜੈਲ ਸਿੰਘ ਹੈ ਜਿਸਦੀ ਮਨਜ਼ੂਰੀ ਤੋਂ ਬਿਨਾਂ ਹਿੰਦੂ ਸਾਮਰਾਜੀਆਂ ਦੀ ਫੌਜ ਦਾ ਇਹ ਘਾਤਕ ਹਮਲਾ ਹੋਣਾ ਅਸੰਭਵ ਸੀ। ਅਜ ਇਸਨੂੰ ਜਾਂ ਤਾਂ ਸ਼ਰਮ ਨਾਲ ਡੁਬ ਕੇ ਮਰ ਜਾਣਾ ਚਾਹੀਦਾ ਹੈ ....ਕਿਉਂਕਿ ਸਿੱਖ ਜਗਤ ਇਸ ਨੂੰ ਸਿੱਖ ਧਰਮ ਵਿਚੋਂ ਬਦਖਲ ਕਰ ਚੁੱਕਾ ਹੈ। ਭਾਵੇਂ ਇਹ ਜੈਲ ਸਿੰਘ ਇੰਦਰਾ ਦੇ ਇਸ਼ਾਰੇ ਤੇ ਝਾੜੂ ਮਾਰਨ ਨੂੰ ਤਿਆਰ ਹੈ ਤੇ ਭਾਵੇਂ ਇਸ ਨੂੰ ਸੰਜੇ ਨੂੰ ਆਪਦੇ ਹੱਥੀਂ ਜੁੱਤੀ ਪੁਆਉਣ ਦਾ ਵੱਡਾ ਮਾਣ ਪ੍ਰਾਪਤ ਹੈ ਪਰ ਕਿਸੇ ਨਾ ਕਿਸੇ ਦਿਨ ਇੰਦਰਾ ਦੀ ਜੁਤੀ ਠੀਕ ਸਮੇਂ ਤੇ ਪਾਲਿਸ਼ ਨਾ ਕਰਨ ਕਰਕੇ ਇਸਦੀ ਇਹ ਕੁਰਸੀ ਵੀ ਖੁਸ ਜਾਣੀ ਹੈ ਜਿਸਦੇ ਬਦਲੇ ਇਸ ਨੇ ਇਹ ਕਦੇ ਨਾ ਮਾਫ ਹੋਣ ਵਾਲਾ ਧਰਮ ਮਾਰੂ ਕਾਰਨਾਮਾ ਕੀਤਾ ਹੈ ਤੇ ਗੁਰੂ ਤੋਂ ਵੱਡਾ ਬੇਮੁਖ ਹੋਇਆ ਹੈ। ਜੇ ਸੱਤੇ ਤੇ ਬਲਵੰਡ ਨੂੰ ਗੁਰੂ ਨਾਨਕ ਬਾਰੇ ਮਾੜਾ ਚੰਗਾ ਬੋਲਣ ਬਦਲੇ ਕਾਲੇ ਕੋਹੜ ਦੀ ਸਜ਼ਾ ਗੁਰੂ ਤੋਂ ਮਿਲੀ ਸੀ ਤਾਂ ਇਸ ਨੂੰ ਗੁਰੂ ਅਰਜਨ ਦੇਵ ਤੇ ਗੁਰੂ ਹਰਗੋਬਿੰਦ ਦੇ ਸੀਨਿਆਂ ਵਿਚ ਰਾਕਟ ਮਰਵਾਉਣ ਬਦਲੇ ਉਸਤੋਂ ਵੱਡੀ ਸਜਾ ਗੁਰੂ ਇਸ ਜਨਮ ਵਿਚ ਜ਼ਰੂਰ ਦੇਵੇਗਾ ਤੇ ਜਨਮਾਂ ਜਲਮਾਤਰਾਂ ਤਕ ਇਹ ਮਹਾਂ ਪਾਪੀ ਗੁਰੂ ਦਰ ਤੋਂ ਫਿਟਕਾਰ ਦਾ ਭਾਗੀ ਬਣੇਗਾ। ਜੰਤਾ ਦੇ ਪੈਸਿਆਂ ਨਾਲ ਸੜਕਾਂ ਪੱਕੀਆਂ ਕਰਵਾ ਕੇ ਤੇ ਰੰਗ-ਬਰੰਗੇ ਮੀਲ ਪੱਥਰ ਲਗਵਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਤਹਿ ਕੀਤੇ ਰਸਤੇ ਤੇ ਜਲੂਸ ਦੀ ਅਗਵਾਈ ਕਰਕੇ ਚਲਣ ਨੂੰ "ਗੋਬਿੰਦ ਮਾਰਗ" ਤੇ ਚਲਣਾ ਨਹੀਂ ਕਿਹਾ ਜਾਂਦਾ। ਅਸਲੀ "ਗੋਬਿੰਦ

(ਬਾਕੀ ਪੰਨਾ 13 ਤੇ)

ਤਖਤਾਂ ਦੇ ਮੁਖ ਜਥੇਦਾਰਾਂ ਵਲੋਂ "ਕਾਰ ਸੇਵਾ" ਸ਼ੁਰੂ ਕਰਨ ਦੇ ਮਾਮਲੇ 'ਤੇ ਵਿਚਾਰ

ਅੰਮ੍ਰਿਤਸਰ (ਪੀ.ਟੀ.ਆਈ)—ਇਥੇ ਵਖ ਵਖ ਤਖਤਾਂ ਦੇ ਪੰਜ ਜਥੇਦਾਰਾਂ ਨੇ ਆਪਣੀ ਮੀਟਿੰਗ ਕੀਤੀ। ਮੀਟਿੰਗ ਵਿੱਚ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਕਮਪਲੈਕਸ ਵਿਚ 'ਕਾਰ ਸੇਵਾ' ਸ਼ੁਰੂ ਕਰਨ ਦੀ ਸੰਭਾਵਨਾ ਤੇ ਵਿਚਾਰ ਕੀਤੀ।

ਮੀਟਿੰਗ ਦੀ ਪ੍ਰਧਾਨਗੀ ਜਥੇਦਾਰ ਕਿਰਪਾਲ ਸਿੰਘ ਨੇ ਕੀਤੀ। ਮੀਟਿੰਗ ਵਿਚ ਜਥੇਦਾਰ ਹਰਚਰਨ ਸਿੰਘ ਮਹਾਲੋਂ ਮੁਖ ਜਥੇਦਾਰ ਤਖਤ ਕੇਸਗੜ੍ਹ ਆਨੰਦਪੁਰ ਸਾਹਿਬ, ਸੰਤ ਲੱਖਾ ਸਿੰਘ ਮੁਖ ਜਥੇਦਾਰ ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ, ਗਿਆਨੀ ਸਾਹਿਬ ਸਿੰਘ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅਤੇ ਗਿਆਨੀ ਪ੍ਰੀਤਮ ਸਿੰਘ ਮੁਖ ਗ੍ਰੰਥੀ ਅਕਾਲ ਤਖਤ ਸ਼ਾਮਲ ਸਨ। ਦਿੱਲੀ ਅਤੇ ਹੋਰ ਬਹੁਤ ਸਾਰੇ ਥਾਈਂ ਗੁਰਦੁਆਰਿਆਂ ਦੀ ਉਸਾਰੀ ਦੀ ਸੇਵਾ ਕਰਾਉਣ ਵਾਲੇ ਬਾਬਾ ਹਰਬੰਸ ਸਿੰਘ ਵੀ ਮੀਟਿੰਗ ਵਿਚ ਸ਼ਾਮਲ ਸਨ।

ਇਹ ਵੀ ਪਤਾ ਲਗਾ ਹੈ ਕਿ ਪਾਰਲੀਮੈਂਟਰੀ ਮਾਮਲਿਆਂ ਦੇ ਕੇਂਦਰੀ ਮੰਤਰੀ ਸ੍ਰੀ ਬੂਟਾ ਸਿੰਘ ਨੇ ਵੀ ਇਥੇ 'ਕਾਰ ਸੇਵਾ' ਸ਼ੁਰੂ ਕਰਨ ਵਾਲੇ ਧਾਰਮਿਕ ਆਗੂਆਂ ਨਾਲ ਵਿਚਾਰ ਵਿਟਾਂਦਰਾ ਕੀਤਾ। ਇਸ ਗਲ ਦੀ ਵੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਮੁਖ ਜਥੇਦਾਰ 'ਕਾਰ ਸੇਵਾ' ਸ਼ੁਰੂ ਕਰਨ ਲਈ ਇਕ ਅਪੀਲ ਜਾਰੀ ਕਰਨ।

ਜਥੇਦਾਰ ਕਿਰਪਾਲ ਸਿੰਘ ਨੇ ਟੈਲੀਫੋਨ ਉਤੇ ਪੀ.ਟੀ.ਆਈ.ਨੂੰ ਦਸਿਆ ਹੈ ਕਿ ਅਕਾਲ ਤਖਤ ਦੀ ਇਮਾਰਤ ਦੀ ਮੁੜ ਉਸਾਰੀ ਛੇਤੀ ਹੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਇਹ ਗੱਲ ਦ੍ਰਿੜਤਾ ਨਾਲ ਕਹੀ ਹੈ ਕਿ 'ਕਾਰ ਸੇਵਾ' ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਈ ਜਾਵੇਗੀ ਅਤੇ ਸਰਕਾਰ ਨੂੰ ਇਸ ਵਿਚ ਕੋਈ ਹਿਸਾ ਨਹੀਂ ਪਾਉਣ ਦਿਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਕੋਈ ਵੀ ਆਖਰੀ ਫੈਸਲਾ ਲੈਣ ਤੋਂ ਪਹਿਲਾਂ ਮਾਮਲਾ ਵਿਸਥਾਰ ਵਿਚ ਵਿਚਾਰਿਆ ਜਾਵੇਗਾ।

ਗ੍ਰਿਫਤਾਰੀਆਂ ਦੀ ਗਿਣਤੀ 4400 ਹੋ ਗਈ

ਹੁਣ ਤੱਕ ਦਹਿਸ਼ਤਪਸੰਦੀ ਦੀ ਰੋਕ ਲਈ 4400 ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁਕੇ ਹਨ। ਇਹ ਗ੍ਰਿਫਤਾਰੀਆਂ ਆਮ ਕਰਕੇ ਪਿੰਡਾਂ ਵਿਚੋਂ ਕੀਤੀਆਂ ਜਾ ਰਹੀਆਂ ਹਨ।

602 ਵਿਅਕਤੀ ਰਿਹਾ ਕਰ ਦਿਤੇ ਗਏ

ਫੌਜੀ ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਗਏ ਚਾਰ ਹਜ਼ਾਰ ਦੇ ਲਗਪਗ ਵਿਅਕਤੀਆਂ ਵਿਚੋਂ 602 ਵਿਅਕਤੀ ਰਿਹਾ ਕਰ ਦਿਤੇ ਗਏ ਹਨ ਇਨ੍ਹਾਂ ਵਿਚ 178 ਵਿਅਕਤੀ ਅਜਿਹੇ ਵੀ ਸ਼ਾਮਲ ਹਨ ਜਿਨ੍ਹਾਂ ਨੇ ਆਪ ਹੀ ਆਤਮ ਸਮਰਪਣ ਕਰ ਦਿਤਾ ਸੀ।

ਮੰਗਲਵਾਰ ਇਕ ਦਹਿਸ਼ਤਪਸੰਦ ਮਾਰਿਆ ਗਿਆ ਅਤੇ 17 ਗ੍ਰਿਫਤਾਰ ਕੀਤੇ ਗਏ।

ਅਮਰੀਕਾ 'ਚ ਵਸਦੇ ਭਾਰਤੀ ਸੂਚਨਾਵਾਂ ਦੀ ਘਾਟ ਤੋਂ ਦੁੱਖੀ

ਵਾਸ਼ਿੰਗਟਨ — ਯੂ ਐਨ ਆਈ — ਅਮਰੀਕਾ ਵਿਚ ਵਸੇ ਭਾਰਤੀਆਂ ਦੀਆਂ ਜਥੇਬੰਦੀਆਂ ਜਿਨ੍ਹਾਂ ਵਿਚ ਸਿੱਖਾਂ ਦੀਆਂ ਐਸੋਸੀਏਸ਼ਨਾਂ ਵੀ ਸ਼ਾਮਲ ਹਨ ਨੇ ਇਕ ਸਾਂਝੇ ਬਿਆਨ ਰਾਹੀਂ ਪੰਜਾਬ ਸਥਿਤੀ ਬਾਰੇਸੂਚਨਾ ਦੀ ਘਾਟ ਵਿਰੁਧ ਰੋਸ ਪ੍ਰਗਟ ਕੀਤਾ ਹੈ।

ਇਥੇ ਜਾਰੀ ਕੀਤੇ ਗਏ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੀ ਸਥਿਤੀ ਬਾਰੇ ਪ੍ਰਤੱਖ ਜਾਣਕਾਰੀ ਦੀ ਘਾਟ ਕਾਰਨ ਅਮਰੀਕਾ ਅੰਦਰ ਵਸੇ ਹਿੰਦੂਆਂ ਤੇ ਸਿੱਖਾਂ ਵਿਚ ਗੰਭੀਰ ਗਲਤ ਫਹਿਮੀਆਂ ਪੈਦਾ ਹੋ ਗਈਆਂ ਹਨ ਜਿਸ ਕਾਰਨ 'ਸ਼ੱਕ ਤੇ ਬੇਵਿਸਾਹੀ' ਦਾ ਮਾਹੌਲ ਬਣ ਗਿਆ ਹੈ।

ਬਿਆਨ ਵਿਚ ਕਿਹਾ ਗਿਆ ਹੈ "ਅਸੀਂ ਜਾਨਣਾ ਚਾਹੁੰਦੇ ਹਾਂ ਕਿ ਫੌਜ ਦਰਬਾਰ ਸਾਹਿਬ ਅੰਦਰ ਦਾਖਲ ਕਿਉਂ ਹੋਈ, ਇਨ੍ਹਾਂ ਦੁਖਦਾਈ ਘਟਨਾਵਾਂ ਜਿਨ੍ਹਾਂ ਵਿਚ ਸੈਂਕੜੇ ਲੋਕਾਂ ਦੀਆਂ ਜਾਨਾ ਗਈਆਂ, ਦਾ ਸਬਬ ਕੀ ਬਣਿਆ। ਜੇ ਕਰ ਸਥਿਤੀ ਸਚ ਮੁਚ ਹੀ ਇਤਨੀ ਗੰਭੀਰ ਸੀ ਤਾਂ ਪਹਿਲਾਂ ਕਾਰਵਾਈ ਕਿਉਂ ਨਹੀਂ ਕੀਤੀ ਗਈ ਅਤੇ ਦਰਬਾਰ ਸਾਹਿਬ ਦੁਖਾਂਤ ਦੇ ਜ਼ਖਮਾਂ ਨੂੰ ਭਰਨ ਲਈ ਹੁਣ ਸਰਕਾਰ ਕੀ ਸੋਚ ਰਹੀ ਹੈ।

ਫੌਜੀ ਕਾਰਵਾਈ ਜ਼ਰੂਰੀ ਹੋ ਗਈ ਸੀ — ਇੰਦਰਾ

ਨਵੀਂ ਦਿੱਲੀ — (ਪੀ. ਟੀ. ਆਈ)—ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਦਰਬਾਰ ਸਾਹਿਬ ਵਿਚ ਦਹਿਸ਼ਤਪਸੰਦਾਂ ਨੂੰ ਬਾਹਰ ਕੱਢਣ ਲਈ ਕੀਤੀ ਫੌਜੀ ਕਾਰਵਾਈ ਤੋਂ ਭਾਵੇਂ "ਚੰਗੀ ਵੱਡੀ ਗਿਣਤੀ" ਵਿਚ ਸਿੱਖਾਂ ਦੇ ਦਿਲਾਂ ਨੂੰ ਠੇਸ ਪਹੁੰਚੀ ਹੈ ਪਰ ਸਮੁੱਚਾ ਸਿਖ ਭਾਈਚਾਰਾ ਸਰਕਾਰ ਤੋਂ ਲਾਂਭੇ ਨਹੀਂ ਗਿਆ।

ਉਨ੍ਹਾਂ ਕਿਹਾ ਕਿ ਮੈਨੂੰ ਵਿਸ਼ਵਾਸ਼ ਹੈ ਕਿ ਜਦੋਂ ਜ਼ਖਮਾਂ ਨੂੰ ਭਰਨ ਦੀ ਮੁਹਿਮ ਸ਼ੁਰੂ ਹੋਏਗੀ ਅਤੇ ਜਦੋਂ ਸਿੱਖਾਂ ਨੂੰ ਪਤਾ ਲੱਗੇਗਾ ਕਿ ਫੌਜੀ ਕਾਰਵਾਈ ਤੋਂ ਪਹਿਲਾਂ (ਦਰਬਾਰ ਸਾਹਿਬ ਵਿਚ) ਕੀ ਕੁਝ ਹੋ ਰਿਹਾ ਸੀ ਤਾਂ ਉਹ ਖੁਦ ਫਿਕਰਮੰਦ ਹੋਣਗੇ ਤੇ ਉਦੋਂ ਉਨ੍ਹਾਂ ਨੂੰ "ਸਥਿਤੀ ਦਾ ਸਹੀ ਗਿਆਨ" ਹੋਵੇਗਾ

ਸ੍ਰੀਮਤੀ ਗਾਂਧੀ ਨੇ ਇਹ ਵਿਚਾਰ ਕਨੇਡਾ ਰੇਡੀਓ ਨੂੰ ਇਕ ਇੰਟਰਵੀਊ ਵਿਚ ਪ੍ਰਗਟ ਕੀਤੇ।

ਫੌਜੀ ਕਾਰਵਾਈ ਅਤੇ ਇਸ ਦੇ ਸਿੱਟਿਆਂ ਬਾਰੇ ਪੁਛੇ ਜਾਣ ਉਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੇ ਸਾਰੇ ਯਤਨ ਅਸਫਲ ਹੋ ਗਏ ਤਾਂ ਫੌਜੀ ਕਾਰਵਾਈ ਜ਼ਰੂਰੀ ਬਣ ਗਈ ਸੀ।

ਸ੍ਰੀ ਮਤੀ ਗਾਂਧੀ ਨੇ ਫੌਜੀ ਕਾਰਵਾਈ ਨਾਲ ਜਾਨਾਂ ਦੇ ਹੋਏ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ ਪਰ ਕਿਹਾ ਕਿ ਸਵਾਲ ਇਹ ਹੋ ਗਿਆ ਸੀ ਕਿ ਕੌਮੀ ਏਕਤਾ ਨੂੰ ਕਾਇਮ ਰੱਖਣ ਵਾਸਤੇ ਸਮਾਜ ਵਿਰੋਧੀ ਤੇ ਕੰਮ ਵਿਰੋਧੀ ਸਰਗਰਮੀਆਂ ਕਰਨ ਵਾਲਿਆਂ ਨਾਲ ਕਿਵੇਂ ਨਜਿਠਿਆ ਜਾਏ। ਉਨ੍ਹਾਂ ਕਿਹਾ ਕਿ ਮੈਨੂੰ ਇਹ ਯਕੀਨ ਨਹੀਂ ਕਿ ਅਕਾਲੀ ਦਲ ਨੂੰ ਸਿੱਖਾਂ ਤੇ ਸਰਕਾਰ ਵਿਚਕਾਰ ਭਰੋਸਾ ਪੈਦਾ ਕਰਨ ਲਈ ਇਕ ਪੁਲ ਵਜੋਂ ਵਰਤਿਆ ਜਾ ਸਕਦਾ ਹੈ। ਪਰ ਬਹੁਤ ਸਾਰੇ ਸਿੱਖ ਅਜਿਹੇ ਹਨ ਜੋ ਸਰਕਾਰ ਦੇ ਮਿਤਰ ਹਨ ਅਤੇ ਇਸ ਬਾਰੇ ਅਹਿਮ ਰੋਲ ਅਦਾ ਕਰ ਸਕਦੇ ਹਨ।। ਪ੍ਰਧਾਨ ਮੰਤਰੀ ਨੇ ਮੌਜੂਦਾ ਮਸਲਿਆਂ ਨੂੰ ਨਜਿੱਠਣ ਲਈ ਐਮਰਜੈਂਸੀ ਲਾਉਣ ਦੀ ਸੰਭਾਵਨਾ ਵੀ ਰੱਦ ਕਰ ਦਿੱਤੀ।

ਪੁੱਛੇ ਜਾਣ ਤੇ ਕਿ ਅਗਲੀਆਂ ਚੋਣਾਂ ਨਾਲ ਫੌਜੀ ਕਾਰਵਾਈ ਦਾ

ਨੀਊ ਮੈਕਸੀਕੋ ਕਾਨਫਰੰਸ ਖਤਮ

ਸਾਂਤਾ ਫੇ — ਅਮਰੀਕਾ ਵਿਚ ਭਜਨ ਯੋਗੀ ਵਲੋਂ ਬੁਲਾਈ ਗਈ ਕਾਨਫਰੰਸ ਏਥੇ 24 ਜੂਨ ਨੂੰ ਖਤਮ ਹੋਈ।

ਮੀਟਿੰਗ ਨੇ ਇਹ ਮੰਗ ਕੀਤੀ ਕਿ ਹਰਿਮੰਦਰ ਸਾਹਿਬ ਉਤੇ ਹਮਲੇ ਦੀ ਪੜਤਾਲ ਆਜ਼ਾਦਾਨਾ ਢੰਗ ਨਾਲ ਕਰਵਾਈ ਜਾਣੀ ਚਾਹੀਦੀ ਹੈ। ਇਸ ਮੀਟਿੰਗ ਵਿਚ ਅਮਰੀਕਾ ਤੇ ਕੈਨੇਡਾ ਦੇ 130 ਸਿਖ ਆਗੂਆਂ ਨੇ ਹਿਸਾ ਲਿਆ। ਯੋਗੀ ਭਜਨ ਨੇ ਕਿਹਾ ਕਿ ਸਭ ਸਿੱਖਾਂ ਨੂੰ ਇਕ ਪਲੇਟ ਫਾਰਮ ਤੇ ਇਕੱਠੇ ਹੋ ਕੇ ਧਾਰਮਿਕ ਅਤੇ ਰਾਜਸੀ ਅਧਿਕਾਰਾਂ ਲਈ ਲੜਨਾ ਚਾਹੀਦਾ ਹੈ ਯੋਗੀ ਨੇ ਕਿਹਾ ਕਿ ਇੰਦਰਾ ਗਾਂਧੀ ਕਹਿੰਦੇ ਹਨ ਕਿ ਉਥੇ ਹਥਿਆਰ ਰੱਖੇ ਗਏ ਅਸੀਂ ਤੱਥਾਂ ਤੇ ਆਧਾਰਤ ਰੀਪੋਰਟ ਮੰਗਦੇ ਹਾਂ। ਉਨ੍ਹਾਂ ਨੇ ਕਿਹਾ ਕਿ ਜੇ ਹਥਿਆਰ ਅੰਦਰ ਗਏ ਤਾਂ ਇਹ ਕੁਝ ਹੋਣ ਹੀ ਕਿਉਂ ਦਿਤਾ ਗਿਆ ?

ਕਸ਼ਮੀਰ ਸਰਹੱਦ ਤੇ ਫੌਜੀ ਟੱਕਰ — ਭਾਰਤੀ ਫੌਜੀ ਹਲਾਕ

ਸ੍ਰੀ ਨਗਰ — ਪੀ. ਟੀ. ਆਈ. ਦੀ ਖਬਰ ਅਨੁਸਾਰ ਪਾਕਿਸਤਾਨੀ ਅਤੇ ਭਾਰਤੀ ਫੌਜਾਂ ਵਿਚਕਾਰ ਗੋਲੀ ਚੱਲਣ ਦੀਆਂ ਘਟਨਾਵਾਂ ਤੇਜ਼ ਹੋ ਗਈਆਂ ਹਨ ਅਤੇ ਮੰਗਲਵਾਰ ਹੋਈ ਟੱਕਰ ਵਿਚ ਇਕ ਭਾਰਤੀ ਫੌਜ ਹਲਾਕ ਹੋ ਗਿਆ। ਭਾਰਤੀ ਸੂਤਰਾਂ ਅਨੁਸਾਰ ਪਾਕਿਸਤਾਨੀ ਫੌਜ ਦਾ 'ਭਾਰੀ ਨੁਕਸਾਨ' ਹੋਇਆ ਹੈ।

ਇਹ ਝੜਪਾਂ ਕਸ਼ਮੀਰ ਦੇ ਸਰਹੱਦੀ ਇਲਾਕੇ ਵਿਚ ਕੁਝ ਦਿਨਾਂ ਤੋਂ ਵੱਧ ਰਹੀਆਂ ਹਨ।

(ਪੰਨਾ 3 ਤੋਂ ਜਾਰੀ)

ਥਾਣੇ ਵਾਲਿਆਂ ਲਾਇਆ ਸੀ।

ਗੁਰਪੁਰਬ ਦਾ ਜਲੂਸ ਪੁਰਅਮਨ ਨਿਕਲਿਆ। ਹਮੇਸ਼ਾ ਦੀ ਤਰਾਂ ਅੱਗੇ ਗੱਤਕੇ ਦੇ ਕਰਤਬ ਦਿਖਾਏ ਜਾ ਰਹੇ ਸੀ। ਮੁਹੱਲਿਆਂ ਵਿੱਚ ਚਰਚਾ ਛਿੜ ਗਈ ਕਿ ਨਿਹੰਗ ਕਿਰਪਾਨਾ ਚਲਾਉਂਦੇ ਆ ਪਏ ਹਨ।

ਅਕਾਲੀ ਮੋਰਚੇ ਤੋਂ ਪਰਤਿਆ ਇਕ ਜਥਾ ਬਸ ਉਤੇ ਮੁਫਤ ਸਫਰ ਕਰਨ ਦੂ ਝਗੜੇ ਤੋਂ ਥਾਣੇ ਪੁਜ ਗਿਆ। ਉਸ ਉਤੇ ਥਾਣੇ ਲਾਠੀ ਚਾਰਜ ਦੀ ਖਬਰ ਉਡੀ ਜਿਸਦੀ ਥਾਣੇਦਾਰ ਨੇ ਤਰਦੀਦ ਕੀਤੀ

ਕੋਈ ਸਬੰਧ ਹੈ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਸੱਚੀ ਗੱਲ ਤਾਂ ਇਹ ਹੈ ਕਿ ਮੈਂ ਇਸ ਦੀ ਪ੍ਰਵਾਹ ਨਹੀਂ ਕਰਦੀ। ਸਾਡੇ ਕੋਲ ਹੋਰ ਬਹੁਤ ਸਾਰੇ ਮਸਲੇ ਹਨ ਜੋ ਚੋਣਾਂ ਤੇ ਪਾਰਟੀਆਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਯਕੀਨ ਹੈ ਕਿ ਪੰਜਾਬ 'ਚ ਅਤਿਵਾਦੀ ਲਹਿਰ ਪਿਛੇ ਕੋਈ ਵਿਦੇਸ਼ੀ ਹੱਥ ਹੈ। ਇਸ ਸਬੰਧ ਵਿਚ ਅਜੇ ਪੂਰੇ ਸਬੂਤ ਮਿਲਨੇ ਬਾਕੀ ਹਨ ਅਤੇ ਉਸਤੋਂ ਪਿਛੋਂ ਹੀ ਬਾਹਰਲੇ ਦੇਸ਼ਾਂ ਦੀ ਸ਼ਨਾਖਤ ਕੀਤੀ ਜਾ ਸਕਦੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਪਾਕਿਸਤਾਨ ਨਾਲ ਗੂੜ੍ਹੇ ਸਬੰਧ ਰੱਖਣਾ ਚਾਹੁੰਦੇ ਹਾਂ ਅਤੇ ਇਸ ਦਿਸ਼ਾ ਵੱਲ ਜੋ ਵੀ ਸੰਭਵ ਹੁੰਦਾ ਹੈ ਅਸੀਂ ਕਰ ਸਕਦੇ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਜੇ ਕੋਈ ਗਲਤੀ ਕਰਦਾ ਹੈ ਤਾਂ ਅਸੀਂ ਉਸ ਵੱਲ ਉਂਗਲ ਨਾ ਕਰੀਏ।

ਅਮਰੀਕਾ, ਕੈਨੇਡਾ, ਅਤੇ ਬਰਤਾਨੀਆ ਵਿਚ ਕੁਝ ਪ੍ਰਵਾਸੀ ਨਾਗਰਿਕਾਂ ਵਲੋਂ ਖਾਲਿਸਤਾਨ ਬਾਰੇ ਪੁਛੇ ਜਾਣ ਤੇ ਸ੍ਰੀਮਤੀ ਗਾਂਧੀ ਨੇ ਉਮੀਦ ਪ੍ਰਗਟ ਕੀਤੀ ਕਿ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਮੁਲਕ ਵਿਚ ਅਜਿਹੀਆਂ ਲਹਿਰਾਂ ਦੀ ਮਦਦ ਨਹੀਂ ਕਰਨਗੀਆਂ।

BOMBAY SWEETS

& Restaurants

6556 - 6560 MAIN ST. VANCOUVER

Ph. 321-1414
874-5722

For Largest Variety in Indian Sweets

Delicious Indian food

General Tours and Travel Service

LOW LOW RATES TO : India, Pakistan, Bangladesh & Ceylon on Air India, Pakistan Airlines, Kuwait , Air France, KLM Or Any Airline of your choice.

ASHOK PURI

261 KENNEDY STREET, WINNIPEG,
MANITOBA, R3C 1T2

Ph. [204]943-0596

S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੋਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE

* FINANCING AVAILABLE
* SAFE DRIVING DISCOUNT (if eligible)

Ph. 324-5711

ਹਰਦੇਵ ਸਿੰਘ ਗਿੱਲ

324-5711

BUY DIRECT FROM IMPORTER

7 W. Hastings, Vancouver, B.C.

PH: (604) 685-7050

3 PCE. LUGGAGE SET

Choice from
2 different sets

ਪਹਿਲਾਂ ਕੀਮਤ
32" Reg. $59.95
30" Reg. $49.95
28" Reg. $39.95

ਹੁਣ ਤਿੰਨੇ
$99.95

National Panasonic

GOOD FOR INDIA

$99.95

Stereo Tape Recorder

SOLAR CALCULATOR

No Battery For Use In India

Only $12.95



110/220 Voltage

BLENDERS & GRINDERS

(TWO-IN-ONE)

$39.95

Dual Voltage

PORTABLE CASSETTE RECORDER

operates an AC110/220 Volt house current or 4 "C" cell batteries (NOT INCLUDED)

OUR LOW PRICE **$49.95**

129.95

110/220

KJ 253

ਭਾਰਤ ਜਾਣ ਤੋਂ ਪਹਿਲਾਂ ਸਮਾਨ ਲੈਣ ਲਈ ਸਾਡੇ
ਸਟੋਰ ਤੇ ਆਓ ਅਤੇ
ਡਾਲਰਾਂ ਦੀ ਬੱਚਤ ਕਰੋ

KJ 794
JIL Pendulum Wall Clock

- 31 day key-wind
- Striking on hour and half hour
- Walnut finish with gold tone metal

Dimensions:
13 (W) x 27 (H) x 5 (D) inches
330 (W) x 685 (H) x 127 (D) mm

SHALIMAR GIFTS LTD.
LONDON LOAN & PAWNBROKERS LTD.

PH: (604) 685-7050
7 West Hastings, Vancouver, B.C. V6B 1G4

NOW TWO LOCATIONS TO SERVE YOU

CANADIAN SURPLUS

OPEN SUNDAY 11.00 to 5.00 P.M.

19535 Fraser Hwy., Surrey, B.c. Ph. 530-1211

(ਪੰਨਾ 10 ਦੀ ਬਾਕੀ)

ਮਾਰਗ" ਤੇ ਤਾਂ ਸ਼ਹੀਦ ਸੰਤ ਜਰਨੈਲ ਸਿੰਘ ਤੁਰਿਆ ਹੈ ਤੇ .... ਗਿਦੜ ਇਸ ਮਾਰਗ ਤੇ ਨਹੀਂ ਤੁਰ ਸਕਦੇ। ਦੂਸਰਾ ਗਦਾਰ ਸਿਖ ਖੁਸ਼ਵੰਤ ਸਿੰਘ ਹੈ ਜਿਹੜਾ ਸੰਤ ਜਰਨੈਲ ਸਿੰਘ ਤੇ ਉਸਦੇ ਸਿਰਲੱਥ ਸੂਰਮੇ ਸਿੰਘਾਂ ਨੂੰ ਕੈਨੇਡੀਅਨ ਟੈਲੀਵੀਜ਼ਨ ਤੇ "ਦਸ ਨੰਬਰੀਏ" ਕਹਿੰਦਾ ਹੈ ਤੇ ਅਗੇ ਕਹਿੰਦਾ ਹੈ ਕਿ "ਮੌਨਸੂਨ ਆਉਣ ਤੇ ਇੰਡੀਆ ਵਿਚ ਸਭ ਕੁਛ ਠੰਢਾ ਹੋ ਜਾਂਦਾ ਹੈ। ਮਹੀਨੇ ਕੁ ਤੱਕ ਮੌਨਸੂਨ ਆਉਣ ਵਾਲੀਆਂ ਹਨ ਤੇ ਉਦੋਂ ਸਿਖਾਂ ਦਾ ਗੁੱਸਾ ਵੀ ਠੰਢਾ ਹੋ ਜਾਵੇਗਾ।" ਪਰ ਇਸ ਦਾੜੀ ਰੰਗਣ ਵਾਲੇ ਅਸਿਖ ਨੂੰ ਇਹ ਨਹੀਂ ਪਤਾ ਕਿ ਸਾਰੇ ਸਿਖ ਉਸ ਵਰਗੇ ਖੱਸੀ ਸਿਖ ਨਹੀਂ ਤੇ ਸਿੱਖਾਂ ਦਾ ਗੁੱਸਾ ਮੌਨਸੂਨ ਨਾਲ ਨਹੀਂ ਬਲਕਿ ਜ਼ਾਲਮਾਂ ਦੇ ਖ਼ੂਨ ਨਾਲ ਠੰਢਾ ਹੁੰਦਾ ਹੈ ਤੇ ਇਸ ਵਾਰ ਵੀ ਹੋਵੇਗਾ।

ਫਰਮਾਇਸ ਨਾਲ ਇੰਡੀਅਨ ਏਅਰ ਲਾਈਨਜ਼ ਵਿਚ ਨੌਕਰੀ ਤੇ ਲਵਾਇਆ ਹਿੰਦੂ ਤੇ ਮੁਸਲਮਾਨ ਦੀ ਰਲਾਵਟ ਬੜੇ ਘਮੰਡ ਨਾਲ ਆਖਦਾ ਫਿਰਦਾ ਸੀ ਕਿ "ਮਿਸਜ ਗਾਂਧੀ ਪੰਜਾਬ ਦਾ ਵੀ ਉਹੀ ਹੱਲ ਕਰਨ ਵਾਲੀ ਜੋ ਉਸਨੇ ਬੰਗਲਾ ਦੇਸ਼ ਦਾ ਕੀਤਾ ਸੀ। ਸਾਨੂੰ ਰਲ ਮਿਲ ਕੇ ਉਸਦੇ ਹੱਥ ਮਜਬੂਤ ਕਰਨੇ ਚਾਹੀਦੇ ਹਨ।" ਹੁਣ ਜ਼ਰੂਰ ਉਸਨੂੰ ਮਜਬੂਤ ਹੱਥਾਂ ਦੀ ਜ਼ਰੂਰਤ ਹੋਵੇਗੀ ਕਿਉਂਕਿ ਉਸਦੇ ਦੁਸਮਣਾਂ ਦਾ ਗਲਾ ਘੁਟਣ ਵਾਲੇ ਸਿੱਖਾਂ ਦੇ ਮਜਬੂਤ ਹੱਥ ਉਸਦੇ ਗਲ ਨੂੰ ਘੁਟਣ ਲਈ ਪਲ ਪਲ ਨਜ਼ਦੀਕ ਆ ਰਹੇ ਹਨ। ਦਰਬਾਰ ਸਾਹਿਬ ਤੇ ਘਾਤਕ ਹਮਲਾ ਕਰਵਾ ਕੇ ਤੇ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕਰਵਾਉਣ ਤੋਂ ਸਿਰਫ ਦੋ ਦਿਨ ਬਾਅਦ ਇੰਦਰਾ ਅਪੀਲ ਕਰਦੀ ਹੈ ਕਿ "ਅੰਮ੍ਰਿਤਸਰ ਵਿਚ ਜੋ ਵੀ ਹੋਇਆ ਉਸਦਾ ਬਹੁਤ ਦੁੱਖ ਤੇ ਅਫਸੋਸ ਹੈ। ਹੁਣ ਜ਼ਖਮਾਂ ਨੂੰ ਠੀਕ ਕਰਨ ਦਾ ਸਮਾਂ ਹੈ।" ਇੰਦਰਾ ਨੂੰ ਇਹ ਨਹੀਂ ਪਤਾ ਕਿ ਹਾਲੇ ਤੱਕ ਤਾਂ ਸਿੱਖਾਂ ਨੇ ਆਪਦੇ ਡੂੰਘੇ ਜ਼ਖਮ ਦੇਖੇ ਵੀ ਨਹੀਂ ਸਿਰਫ ਮਹਿਸੂਸ ਹੀ ਕੀਤੇ ਹਨ। ਇਨ੍ਹਾਂ ਨੂੰ ਠੀਕ ਕਰਨ ਦਾ ਸਮਾਂ ਕਿਥੋਂ ਆ ਗਿਆ ਇੰਨੀ ਜਲਦੀ। ਸਾਡੇ ਜਿਸਮਾਨੀ ਜ਼ਖਮ ਉਸ ਦਿਨ ਠੀਕ ਹੋਣਗੇ ਜਿਸ ਦਿਨ ਉਸਦੀ ਹਾਸੋਹੀਣੀ ਜਮਹੂਰੀਅਤ ਦੀ ਪਾਰਲੀਮੈਂਟ ਬਿਲਡਿੰਗ ਵਿਚ ਦਰਬਾਰ ਸਾਹਿਬ ਨਾਲੋਂ ਰਾਕਟਾਂ ਦੇ ਦਸ ਗੁਣਾਂ ਜ਼ਿਆਦਾ ਛੇਕ ਹੋਣਗੇ ਤੇ ਉਸਦੇ ਸਰੀਰ ਵਿਚ ਸੰਤ ਭਿੰਡਰਾਂਵਾਲਿਆਂ ਦੇ ਸਰੀਰ ਨਾਲੋਂ ਵੀਹ ਗੁਣਾ ਜ਼ਿਆਦਾ ਗੋਲੀਆਂ ਦੇ ਨਿਸ਼ਾਨ ਹੋਣਗੇ। ਸਾਡੇ ਰੂਹਾਨੀ ਜ਼ਖਮ ਉਸ ਦਿਨ ਭਰਨਗੇ ਜਿਸ ਦਿਨ ਹਿੰਦੂ ਸਾਮਰਾਜ ਦੀਆਂ ਜੜ੍ਹਾਂ ਪੁਟ ਕੇ ਅਸੀਂ ਸਮੁੰਦਰ ਵਿਚ ਸੁਟ ਦੇਵਾਂਗੇ।

ਸਿਖ ਜਗਤ ਵਿਚ ਕੁਛ ਸੰਤ ਤੇ ਉਨ੍ਹਾਂ ਦੇ ਚੇਲੇ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਸਿੱਖ ਆਖਕੇ ਸਿੱਖਾਂ ਦੇ ਇਸ ਧਰਮ ਯੁੱਧ ਤੋਂ ਅਲੋਪ ਹੋਏ ਬੈਠੇ ਹਨ। ਸਭ ਤੋਂ ਪਹਿਲਾਂ ਤਾਂ ਉਹ ਸਿਖ ਬਹੁਤ ਹੀ ਭੁਲੜ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਤੇ ਗੁਰੂ ਗੋਬਿੰਦ ਵਿਚ ਕੋਈ ਫਰਕ ਲਗਦਾ ਹੈ। ਜਦ ਪੰਜਵੇ ਤੇ ਨੌਵੇਂ ਰੂਪ ਵਿਚ ਨਿਰਵੈਰ ਗੁਰੂ ਨਾਨਕ ਨੂੰ ਜ਼ਾਲਮਾਂ ਨੇ ਸ਼ਹੀਦ ਕਰ ਦਿਤਾ ਤਾਂ ਛੇਵੇਂ ਤੇ ਦਸਵੇਂ ਰੂਪ ਵਿਚ ਗੁਰੂ ਨਾਨਕ ਨੂੰ ਜ਼ੁਲਮ ਦਾ ਟਾਕਰਾ ਤਲਵਾਰ ਨਾਲ ਕਰਨ ਤੇ ਮਜਬੂਰ ਹੋਣਾ ਪਿਆ ਸੀ। ਆਪਦੇ ਮੁਖਾਰ ਬਿੰਦ ਤੋਂ ਗੁਰੂ ਗਰੰਥ ਸਾਹਿਬ ਦਾ ਉਚਾਰਨ ਕਰਨ ਵਾਲਾ ਤੇ ਦਸਮ ਗਰੰਥ, ਜਾਪੁ ਸਾਹਿਬ ਤੇ ਜਫਰਨਾਮੇ ਦੀ ਰਚਨਾ ਕਰਨ ਵਾਲਾ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਦੇ ਹੀ ਦੂਜੇ ਰੂਪ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ? ਅਜ ਤਾਂ ਉਹ ਡਰਪੋਕ ਸਿਖ ਆਪਣੇ ਆਪ ਨੂੰ ਸਿਰਫ ਗੁਰੂ ਨਾਨਕ ਦੇ ਸਿਖ ਆਖਕੇ ਧਰਮ-ਯੁੱਧ ਦੇ ਮੈਦਾਨ ਵਿਚੋਂ ਬਾਹਰ ਰਖ ਸਕਦੇ ਹਨ ਪਰ ਕਿਸੇ ਨਾ ਕਿਸੇ ਦਿਨ ਜਾਲਮ ਉਨ੍ਹਾਂ ਦਾ ਜੀਉਣਾ ਹੀ ਹਰਾਮ ਕਰ ਦੇਣਗੇ। ਅਜ ਤੋਂ ਚਾਰ ਸਾਲ ਪਹਿਲਾਂ ਸੰਤ ਜਰਨੈਲ ਸਿੰਘ ਸ਼ਾਇਦ ਬੰਦੂਕ ਹੱਥ ਵਿਚ ਫੜ ਕੇ ਵੀ ਨਹੀਂ ਦੇਖੀ ਹੋਣੀ ਤੇ ਉਹ ਵੀ ਗੁਰੂ ਨਾਨਕ ਦਾ ਹੀ ਸਿਖ ਸੀ। ਪਰ ਜਦ ਕਾਂਗਰਸ ਦੇ ਕਠਪੁਤਲੇ ਨਿਰੰਕਾਰੀਆਂ ਵਲੋਂ ਗੁਰੂ ਸਾਹਿਬਾਨ ਦੀ ਨਿੰਦਾ ਨਾ ਸਹਾਰਦੇ ਹੋਏ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰਨ ਗਏ ਉਨ੍ਹਾਂ ਦੇ ਸਿੱਖਾਂ ਨੂੰ ਵਹਿਸ਼ੀ ਨਿਰੰਕਾਰੀਆਂ ਨੇ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿਤਾ ਤੇ ਹਿੰਦੂ ਸਾਮਰਾਜੀਆਂ ਨੇ ਹਰਿਆਣੇ ਦੇ ਇਕ ਹਿੰਦੂ ਜੱਜ ਤੋਂ ਦੋਸ਼ੀਆਂ ਨੂੰ ਬਰੀ ਕਰਵਾ ਦਿਤਾ ਤਾਂ ਸੰਤ ਜਰਨੈਲ ਸਿੰਘ ਨੂੰ ਸਾਫ ਜਾਹਿਰ ਹੋ ਗਿਆ ਕਿ ਇਸ ਹਿੰਦੂ ਸਾਮਰਾਜ ਤੋਂ ਸਿੱਖਾਂ ਨੂੰ ਇਨਸਾਫ ਦੀ ਕੋਈ ਉਮੀਦ ਬਾਕੀ ਨਹੀਂ ਰਹੀ। ਉਸਤੋਂ ਬਾਦ ਹੀ ਸੰਤਾਂ ਨੂੰ ਮਜਬੂਰ ਹੋ ਕੇ ਦੋਸ਼ੀਆਂ ਨੂੰ ਸੋਧਣ ਲਈ ਤਲਵਾਰ ਦਾ ਆਸਰਾ ਲੈਣਾ ਪਿਆ ਸੀ।

"ਪਾੜੋ ਤੇ ਰਾਜ ਕਰੋ" ਦਾ ਆਸਰਾ ਲੈ ਕੇ ਗੋਰਿਆਂ ਨੇ ਸਾਡੇ ਤੇ ਦੋ ਸੌ ਸਾਲ ਰਾਜ ਕੀਤਾ ਸੀ ਤੇ ਉਹੀ ਨੀਤੀ ਵਰਤ ਕੇ ਅੱਜ ਇੰਦਰਾ ਆਪਦੇ ਰਾਜ ਦੀਆਂ ਨੀਹਾਂ ਪੱਕੀਆਂ ਕਰ ਰਹੀ ਹੈ। ਇਕ ਸੰਤ ਨੂੰ ਉਸਦੇ ਦੀਵਾਨ ਵਿਚ ਆ ਕੇ ਮੱਥਾ ਟੇਕਦੀ ਹੈ ਤੇ ਗੁਰਦੁਆਰਾ ਬਣਵਾਉਣ ਲਈ ਜ਼ਮੀਨ ਦਿੰਦੀ ਹੈ ਤੇ ਦੂਸਰੇ ਨੂੰ ਮਾਰਨ ਲਈ ਫੌਜ ਦੀ ਬਟਾਲੀਅਨ ਭੇਜਦੀ ਹੈ ਤੇ ਗੁਰਦੁਆਰੇ ਨੂੰ ਤੋੜਨ ਲਈ ਟੈਂਕਾਂ ਤੇ ਰਾਕਟਾਂ ਦੀ ਵਰਤੋਂ ਕਰਨ ਦਾ ਹੁਕਮ ਦਿੰਦੀ ਹੈ। ਜਿਹੜਾ ਵੀ ਸੱਜਣ ਇਹ ਸਮਝਦਾ ਹੈ ਕਿ ਇੰਦਰਾ ਦੇ ਦਿਲ ਵਿਚ ਸਿੱਖੀ ਲਈ ਬਹੁਤ ਸ਼ਰਧਾ ਉਮੜ ਆਈ ਹੈ ਉਹ ਬਹੁਤ ਹੀ ਵੱਡਾ ਭੁਲੜ ਹੈ। ਕਿਉਂਕਿ ਇਹ ਤਾਂ ਰਾਜਨੀਤੀ ਵਿਚ ਹੰਢੀ ਹੋਈ ..... ਦਾ ਸਿੱਖਾਂ ਵਿਚ ਪਾੜ ਪਾਉਣ ਲਈ ਖੇਡਿਆ ਹੋਇਆ ਇਕ ਹੋਰ ਚਲਿਤਰ ਹੈ।

ਅਜ ਇਸ ਇੰਦਰਾ ਨੇ ਉਸੇ ਹੱਥ ਨੂੰ ਵੱਢਣ ਦੀ ਕੋਸ਼ਿਸ਼ ਕੀਤੀ ਹੈ ਜੋ ਇਸਦੇ ਸਾਮਰਾਜ ਦੇ ਭੁਖੇ ਢਿਡ ਭਰਦਾ ਹੈ ਤੇ ਇਸਦੇ ਸਾਮਰਾਜ ਦੀ ਦੁਸਮਨਾਂ ਤੋਂ ਰਾਖੀ ਕਰਦਾ ਹੈ। ਅਜ ਇਸ ਨੇ ਅਹਿਸਾਸ ਕਰਾ ਦਿਤਾ ਹੈ ਕਿ ਇਸਦਾ ਹਿੰਦੂ ਸਾਮਰਾਜ ਤਾਕਤ ਵਿਚ ਇਨਾ ਮਸਤ ਹੋ ਗਿਆ ਹੈ ਕਿ ਇਹ ਸਿਖ ਧਰਮ ਦੇ ਕੇਂਦਰ ਨੂੰ ਰਾਕਟਾਂ ਨਾਲ ਢਾਹ ਢੇਰੀ ਕਰ ਸਕਦਾ ਹੈ ਤੇ ਦਰਬਾਰ ਸਾਹਿਬ ਦੇ ਪਵਿਤਰ ਸਰੋਵਰ ਨੂੰ ਮਾਸੂਮ ਬੱਚਿਆਂ ਤੇ ਔਰਤਾਂ ਦੀਆਂ ਲਾਸ਼ਾਂ ਨਾਲ ਭਰ ਸਕਦਾ ਹੈ ਤੇ ਉਸਦੇ ਪਾਣੀ ਦਾ ਰੰਗ ਮਾਸੂਮਾਂ ਦੇ ਖ਼ੂਨ ਨਾਲ ਲਾਲ ਸੂਹਾ ਕਰ ਸਕਦਾ ਹੈ। ਅਜ ਲਾਹਨਤ ਹੈ ਹਰ ਸਿਖ ਫੌਜੀ ਤੇ ਜੋ ਕਪੜੇ ਦੀਆਂ ਫੀਤੀਆਂ ਤੇ ਤਾਂਬੇ ਦਿਆਂ ਮੈਡਲਾਂ ਵਾਸਤੇ ਹਿੰਦੂ ਸਾਮਰਾਜ ਦੀਆਂ ਫੈਕਟਰੀਆਂ ਦੀ ਰਾਖੀ ਲਈ ਜਾਨ ਤਲੀ ਤੇ ਧਰੀ ਫਿਰਦੇ ਹਨ। ਅਜ ਲਾਹਨਤ ਹੈ ਹਰ ਸਿਖ ਕਿਸਾਨ ਤੇ ਜੋ ਮਿੱਟੀ ਨਾਲ ਮਿੱਟੀ ਹੋ ਕੇ ਇਸ ਜ਼ਾਲਮ ਸਾਮਰਾਜ ਦੇ ਢਿਡ ਭਰਦਾ ਹੈ।

ਜਿਉਂ ਜਿਉਂ ਦਿਨ ਲੰਘਦੇ ਜਾਂਦੇ ਹਨ ਵਹਿਸ਼ੀ ਸਾਮਰਾਜ ਦੀਆਂ ਕਾਲੀਆਂ ਕਰਤੂਤਾਂ ਨੰਗੀਆਂ ਹੋ ਕੇ ਸਾਹਮਣੇ ਆ ਰਹੀਆਂ ਹਨ। ਮਰਨ ਵਾਲਿਆਂ ਦੀ ਗਿਣਤੀ ਦੋ ਸੌ ਤੋਂ ਵੱਧ ਕੇ ਦੋ ਹਜ਼ਾਰ ਹੋ ਗਈ ਹੈ। ਸੰਤ ਭਿੰਡਰਾਂਵਾਲੇ ਤੇ ਉਸਦੇ ਹਥਿਆਰਬੰਦ ਸਾਥੀਆਂ ਦੀ ਗਿਣਤੀ ਤਾਂ ਸਿਰਫ ਦੋ ਢਾਈ ਸੌ ਹੀ ਸੀ ਤੇ ਉਨ੍ਹਾਂ ਨੇ ਅਕਾਲ ਤਖਤ ਦੀ ਇਮਾਰਤ ਵਿਚੋਂ ਮੁਕਾਬਲਾ ਕਰਕੇ ਉਥੇ ਹੀ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਪਰ ਸਰੋਵਰ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਬੇਹਿਥਆਰੇ ਸਿੱਖਾਂ, ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ ਕਿਥੋਂ ਆ ਗਈਆਂ? ਸਾਫ ਜਾਹਿਰ ਹੈ ਕਿ ਅਕਾਲੀ ਤਖਤ ਨੂੰ ਢਹਿ ਢੇਰੀ ਕਰਨ ਤੋਂ ਬਾਅਦ ਜਦ ਕੋਈ ਹਥਿਆਰਬੰਦ ਸੂਰਮਾ ਜਿੰਦਾ ਨਾ ਰਿਹਾ ਤਾਂ ਇਨ੍ਹਾਂ ਬੁਜ਼ਦਿਲ ਹਿੰਦੂ ਫੌਜੀਆਂ ਨੇ ਨਿਹੱਥੇ ਸਿੱਖਾਂ, ਔਰਤਾਂ ਤੇ ਬੱਚਿਆਂ ਨੂੰ ਮੌਤ ਦੇ ਘਾਟ ਉਤਾਰ ਕੇ ਸਰੋਵਰ ਵਿਚ ਸੁਟ ਦਿਤਾ ਤਾਂ ਕਿ ਉਨ੍ਹਾਂ ਦੇ ਵਹਿਸ਼ੀਪੁਣੇ ਦੀਆਂ ਅੱਖੀਂ ਦੇਖੀਆਂ ਕਰਤੂਤਾਂ ਦੁਨੀਆਂ ਨੂੰ ਦੱਸਣ ਵਾਲਾ ਕੋਈ ਵੀ ਬਾਕੀ ਨਾ ਰਹੇ। ਆਪਦੀ ਕਾਲੀ ਕਰਤੂਤ ਤੇ ਪਰਦਾ ਪਾਉਣ ਲਈ ਬਾਹਰਲੇ ਦੇਸ਼ਾਂ ਦੇ ਪੱਤਰਕਾਰਾਂ ਨੂੰ (ਜੋ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਲੜਾਈ ਦੇ ਮੈਦਾਨ ਵਿਚ ਰਹਿੰਦੇ ਹਨ) ਸਿਖ ਧਰਮ ਉਤੇ ਘਾਤਕ ਹਲਕਾ . ਹਮਲਾ ਕਰਨ ਤੋਂ ਪਹਿਲਾਂ ਬਾਹਰ ਕੱਢ ਦਿਤਾ ਤੇ ਅਕਹਿ ਜ਼ੁਲਮ ਕਰਨ ਤੋਂ ਬਾਅਦ ਕਿਸੇ ਸਿਖ ਨੂੰ ਦਰਬਾਰ ਸਾਹਿਬ ਅੰਦਰ ਜਾਣ ਦੀ ਇਜਾਜ਼ਤ ਨਹੀਂ ਦੇ ਰਹੇ ਤਾਂ ਕਿ ਘੁਸੇਮੁਸੇ ਵਿਚ ਇਹ ਦਰਿੰਦੇ ਆਪਦੇ ਕਾਰਨਾਮਿਆਂ ਦੇ ਨਿਸ਼ਾਨਾ ਮਿਟਾ ਕੇ ਆਪਦੇ ਆਪ ਨੂੰ ਧੋਤੇ ਸੂਰਮਿਆਂ ਦੇ ਰੂਪ ਵਿਚ ਪੇਸ਼ ਕਰ ਸਕਣ। ਅਜ ਇਨ੍ਹਾਂ ਨੂੰ ਮੱਸੇ ਰੰਗੜ ਦੀਆਂ ਕਰਤੂਤਾਂ ਨੂੰ ਬੁਰੀ ਤਰ੍ਹਾਂ ਮਾਤ ਪਾ ਦਿਤਾ ਹੈ। ਅਜ ਜੇ ਕਿਸੇ ਸਿਖ ਦੇ ਦਿਲ ਵਿਚ ਇਸ ਕਾਲੀ ਕਰਤੂਤ ਨਾਲ ਛੇਕ ਨਹੀਂ ਹੋਏ ਤੇ ਉਸਦੇ ਦਿਨ ਵਿਚ ਹਰ ਉਸ ਨਾਪਾਕ ਹਿੰਦੂ ਸਾਮਰਾਜੀ ਦਾ ਸਿਰ ਕੱਟਣ ਦਾ ਜਵਾਲਾ ਨਹੀਂ ਫੁਟਿਆ ਜਿਸਦੇ ਮਨਹੂਸ ਕਦਮ ਦਰਬਾਰ ਸਾਹਿਬ ਦੀ ਪਵਿਤਰ ਧਰਤੀ ਤੇ ਪਏ ਹਨ ਤਾਂ ਉਹ ਗੁਰੂ ਦਾ ਸਿਖ ਨਹੀਂ ਹੈ ਸਿਰਫ ਕੜਾਹ ਤੇ ਘੱਟੇ ਦਾ ਵੈਰੀ ਮਸੰਦ ਹੈ।

ਜੰਗ ਦਾ ਨਗਾਰਾ ਨਹੀਂ ਵੱਜਿਆ, ਸਿੰਘਾਂ ਨੂੰ ਤਿਆਰ ਹੋਣ ਦਾ ਮੌਕਾ ਨਹੀਂ ਮਿਲਿਆ। ਗਿਦੜਾਂ ਦੇ ਟੋਲੇ ਨੇ ਇਕੱਠੇ ਹੋ ਕੇ ਸੁੱਤੇ ਪਏ ਸ਼ੇਰਾਂ ਦੇ ਕੁਛ ਬੱਚੇ ਸ਼ਹੀਦ ਕਰ ਦਿਤੇ ਹਨ। ਹੁਣ ਧਰਮ ਯੁੱਧ ਦਾ ਸਮਾਂ ਹੈ ਜਿੰਦਾਬਾਦ ਮੁਰਦਾਬਾਦ ਦਾ ਨਹੀਂ। ਸਿਖ ਸੂਰਬੀਰੋ! ਤੁਹਾਡੇ ਧਰਮ ਦਾ ਕੇਂਦਰ ਢਹਿ ਢੇਰੀ ਹੋ ਚੁਕਾ ਹੈ, ਪਵਿਤਰ ਸੋਰਵਰ ਮਾਸੂਮਾਂ ਦੇ ਖ਼ੂਨ ਨਾਲ ਭਰਿਆ ਹੋਇਆ ਹੈ, ਦੁਨੀਆਂ ਵਿਚ ਤੁਹਾਡਾ ਕੋਈ ਹਿਮਾਇਤੀ ਨਹੀਂ, ਤੁਹਾਡੇ ਆਗੂ ਆਪਣੇ ਉਸਤਾਦਾਂ ਗਾਂਧੀ ਤੇ ਨਹਿਰੂ ਵਾਂਗ ਖਤਰੇ ਦੀ ਘੰਟੀ ਵੱਜਦੀ ਸਾਰ ਹੀ ਆਪਦੇ ਸਰੀਰਾਂ ਨੂੰ ਸੁਰਖਿਅਤ ਜੇਲਾਂ ਵਿਚ ਲੈ ਕੇ ਬੈਠ ਗਏ ਹਨ, ਤੁਹਾਡਾ ਨਲੂਏ ਵਰਗਾ ਸੂਰਬੀਰ ਆਗੂ ਸੰਤ ਜਰਨੈਲ ਸਿੰਘ ਸ਼ਹੀਦੀ ਪ੍ਰਾਪਤ ਕਰ ਚੁਕਾ ਹੈ। ਲਾਲੂ ਤੇ ਤੇਜੂ ਨਾਲੋਂ ਵੱਡੇ ਗਦਾਰ ਤੁਹਾਡੇ ਵਿਚ ਅੱਜ ਵੀ ਮੌਜੂਦ ਹਨ ਤੇ ਫੁਟ ਦੇ ਬੀਜ ਤੁਹਾਡੇ ਵਿਚ ਬਹੁਤ ਡੂੰਘੇ ਬੀਜੇ ਜਾ ਚੁਕੇ ਹਨ ਪਰ ਇਸਦੇ ਬਾਵਜੂਦ ਵੀ ਸਾਨੂੰ ਦਿਲ ਛੱਡਣ ਦੀ ਜ਼ਰੂਰਤ ਨਹੀਂ ਕਿਉਂਕਿ ਕਲਗੀਧਰ ਦਸ਼ਮੇਸ਼ ਪਿਤਾ ਸਾਡੇ ਨਾਲ ਬਚਨਬੱਧ ਹੈ ਕਿ "ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ॥" ਜੇ ਉਸ ਦਾ ਤੇਜ ਸਾਡੇ ਨਾਲ ਹੈ ਤਾਂ ਸਾਨੂੰ ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਜ਼ਰੂਰਤ ਹੈ ਸਿਰਫ ਨਿਆਰਾ ਖਾਲਸਾ ਬਣਨ ਦੀ। ਫਿਰ ਅੰਤਮ ਫਤਿਹ ਅਕਾਲ ਪੁਰਖ ਦੀ ਫੌਜ ਦੀ ਹੀ ਹੋਵੇਗੀ। ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਆਉ ਸਾਰੇ ਸੰਤ ਜਰਨੈਲ ਸਿੰਘ ਦੇ ਪੂਰਨਿਆਂ ਤੇ ਚਲੀਏ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ ਸਾਡੇ ਬਾਰੇ ਉਹੀ ਕਹਿ ਸਕਣ ਜੋ ਅਜ ਅਸੀਂ ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ ਤੇ ਸੰਤ ਜਰਨੈਲ ਸਿੰਘ ਬਾਰੇ ਕਹਿ ਰਹੇ ਹਾਂ ਕਿ :-

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ।
ਪੁਰਜਾ ਪੁਰਜਾ ਕਟ ਮਰੇ ਕਬਹੂੰ ਨਾ ਛਾਡੇ ਖੇਤੁ॥"

ਪੰਜਾਬ ਤੇ ਸੰਖੇਪ ਝਾਤ

'ਸੂਫੀ' ਅਮਰਜੀਤ

ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿਚ ਅਕਾਲੀ ਪਾਰਟੀ ਵਲੋਂ ਸਿੱਖਾਂ ਦੀਆਂ ਧਾਰਮਕ ਮੰਗਾਂ ਅਤੇ ਪੰਜਾਬੀ ਦੀਆਂ ਸਾਂਝੀਆਂ ਮੰਗਾਂ ਲਈ ਜੋ ਮੋਰਚਾ ਲਾਇਆ ਗਿਆ ਸੀ, ਉਸ ਪ੍ਰਤੀ ਕੇਂਦਰ ਸਰਕਾਰ ਨੇ ਢਿੱਲ-ਮੱਠ ਦਾ ਗੈਰ ਜ਼ਿਮੇਦਾਰਾਨਾ ਅਤੇ ਹਾਕਮ ਪਾਰਟੀ ਦੇ ਤੰਗ ਰਾਜਸੀ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ, ਹੱਠੀ ਵਤੀਰਾ ਧਾਰਨ ਕਰੀ ਰੱਖਿਆ।

ਜੇ ਐਜੀਟੇਸ਼ਨ ਦੇ ਲੰਮੇ ਸਮੇਂ ਉਪਰ ਧਿਆਨ ਮਾਰੀਏ ਤਾਂ ਜ਼ਾਹਰ ਹੋ ਜਾਂਦਾ ਹੈ ਕਿ ਸਰਕਾਰ ਨੇ ਨਾ ਹੀ ਅਕਾਲੀ ਪਾਰਟੀ ਅਤੇ ਨਾ ਹੀ ਵਿਰੋਧੀ ਪਾਰਟੀਆਂ ਦੇ ਸਹਿਯੋਗ ਨੂੰ, ਖੁਲ੍ਹ ਦਿਲੀ ਨਾਲ ਲਿਆ ਅਤੇ ਨਾ ਹੀ ਉਨ੍ਹਾਂ ਦੀਆਂ ਲੋਕ ਪੱਖੀ ਭਾਵਨਾਵਾਂ ਨੂੰ ਧਿਆਨ ਵਿਚ ਰੱਖਿਆ। ਵੀਹ ਦੇ ਕਰੀਬ ਗੱਲਾਂਬਾਤਾਂ ਨੂੰ ਅਸਫਲ ਬਣਾਉਣ ਦੀ ਨੀਤੀ ਸਰਕਾਰ ਦੀ ਮਸਲੇ ਪ੍ਰਤੀ ਬੇਰੁਖੀ ਨੂੰ ਹੀ ਸਾਬਤ ਕਰਦੀ ਹੈ। ਤਿੰਨ-ਚਾਰ ਬਾਰ ਤਾਂ ਯੋਗ ਹੱਲ ਲੱਭ ਵੀ ਲਏ ਗਏ ਪ੍ਰੰਤੂ ਸਰਕਾਰ ਨੇ ਉਨ੍ਹਾਂ ਨੂੰ ਤਰਾਂ ਤਰ੍ਹਾਂ ਦੇ ਬਹਾਨੇ ਬਣਾ ਕੇ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ।

ਜਿਉਂ ਜਿਉਂ ਮਸਲੇ ਨੂੰ ਲੰਬਾ ਕੀਤਾ ਗਿਆ, ਪੰਜਾਬ ਵਿਚ ਫਿਰਕੂ ਵਾਤਾਵਰਨ ਪੈਦਾ ਹੋਣ ਲੱਗਿਆ, ਜਿਸ ਨੂੰ ਪੈਦਾ ਕਰਨਾ ਸਰਕਾਰ ਆਪਣਾ ਮਨੋਰਥ ਸਮਝਦੀ ਸੀ। ਵਿਰੋਧੀ ਪਾਰਟੀਆਂ ਨੇ ਖਾਸ ਕਰਕੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੇ ਸਿਰਤੋੜ ਯਤਨ ਕੀਤੇ ਅਤੇ ਸਰਕਾਰ ਨੂੰ ਚਿਤਾਵਨੀਆਂ ਦਿੱਤੀਆਂ ਕਿ ਪੰਜਾਬ ਦੇ ਮਸਲੇ ਨੂੰ ਲਮਕਾਈ ਜਾਣਾ, ਦੇਸ਼ ਦੇ ਵਿਆਪਕ ਹਿੱਤਾਂ ਲਈ ਖਤਰਨਾਕ ਹੋਵੇਗਾ। ਫਿਰ ਵੀ ਸਰਕਾਰ ਨੇ ਸਭ ਕੁਝ ਸਮਝਦਿਆਂ ਹੋਇਆਂ, ਆਪਣੇ ਸੀਮਤ ਰਾਜਸੀ ਮਨੋਰਥਾਂ ਲਈ ਹਾਲਾਤ ਵਿਗਾੜਨ ਲਈ ਹੀ ਆਪਣਾ ਹਿਸਾ ਪਾਇਆ।

ਜਦੋਂ ਹਾਲਾਤ ਹੋਰ ਵਿਗੜ ਗਏ ਤਾਂ ਸਰਕਾਰ ਨੇ ਆਪਣੀ ਪੋਜ਼ੀਸ਼ਨ ਬਦਲ ਲਈ, ਉਸ ਨੇ ਪੰਜਾਬ ਦੇ ਮਸਲੇ ਨੂੰ ਰਾਜਸੀ ਮਸਲੇ ਦੀ ਥਾਂ ਅਮਨ-ਕਾਨੂੰਨ ਦਾ ਮਸਲਾ ਬਣਾ ਕੇ ਖੜਾ ਕਰ ਦਿੱਤਾ। ਇਕ ਰਾਜਸੀ ਮਸਲੇ ਨੂੰ ਅਮਨ-ਕਾਨੂੰਨ ਦਾ ਮਸਲਾ ਬਣਾਉਣਾ ਟਾਂਗਾ, ਘੋੜੇ ਦੇ ਅਗੇ ਜੋੜਨ ਵਾਲੀ ਗੱਲ ਸੀ। ਇਥੇ ਫਿਰ ਵਿਰੋਧੀਆਂ ਪਾਰਟੀਆਂ ਨੇ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਇਕ ਰਾਜਸੀ ਮਸਲੇ ਹੋ ਅਮਨ-ਕਾਨੂੰਨ ਦਾ ਮਸਲਾ ਬਣਾਉਣਾ ਗਲਤ ਹੈ ਉਨ੍ਹਾਂ ਸਰਕਾਰ ਤੇ ਜ਼ੋਰ ਦੇ ਕੇ ਕਿਹਾ ਕਿ ਜੇ ਕਰ ਸਿੱਖਾਂ ਦੀਆਂ ਧਾਰਮਕ ਅਤੇ ਪੰਜਾਬੀਆਂ ਦੀਆਂ ਮੰਗਾਂ ਮੰਨ ਲਈਆਂ ਜਾਣ ਤਾਂ ਪੰਜਾਬ ਦੇ ਹਾਲਾਤ ਨੂੰ ਆਮ ਵਰਗਾ ਬਣਾਉਣ ਲਈ ਪੰਜਾਬੀਆਂ ਦਾ ਸਹਿਯੋਗ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਸ ਨਾਲ ਅਤਿਵਾਦੀ ਤੱਤਾਂ ਨੂੰ ਨਿਖੇੜਿਆ ਜਾ ਸਕੇਗਾ। ਪ੍ਰੰਤੂ ਸਰਕਾਰ ਕੋਈ ਗੱਲ ਸੁਣਨ ਲਈ ਤਿਆਰ ਨਾ ਹੋਈ।

ਆਪਣੇ ਚੰਡੀਗੜ੍ਹ ਦੇ ਦੌਰੇ ਸਮੇਂ ਪ੍ਰਧਾਨ ਮੰਤਰੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜੁਆਬ ਦਿੰਦਿਆਂ ਕਿਹਾ ਸੀ ਕਿ ਅਕਾਲੀ ਕੋਈ ਵੀ ਗੱਲ ਮੰਨਣ ਲਈ ਤਿਆਰ ਨਹੀਂ ਹਨ, ਜਦੋਂ ਕਿ ਇਹ ਕੋਰਾ ਝੂਠ ਸੀ। ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜਨਰਲ ਸਕੱਤਰ ਸਾਥੀ ਨੰਬੂਦਰੀ ਪਾਦ ਨੇ ਕਿਹਾ ਕਿ ਜੇ ਕਰ ਪ੍ਰਧਾਨ ਮੰਤਰੀ ਏਵੇਂ ਸਮਝਦੀ ਹੈ ਤਾਂ ਉਹ ਇਕ ਤਰਫਾ ਤੌਰ ਉਪਰ ਮੰਗਾਂ ਮੰਨਣ ਦਾ ਐਲਾਨ ਕਰ ਦੇਵੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇਕਰ ਉਹ ਇਕ ਤਰਫਾ ਐਲਾਨ ਵੀ ਕਰ ਦੇਵੇ ਤਾਂ ਵੀ ਅਕਾਲੀ ਪਾਰਟੀ ਨੇ ਉਸ ਨਾਲ ਸਹਿਮਤ ਨਹੀਂ ਹੋਣਾ। ਇਹ ਸਭ ਕੁਝ ਬਹਾਨੇਬਾਜ਼ੀ ਤੋਂ ਸਿਵਾ ਹੋਰ ਕੁਝ ਨਹੀਂ ਸੀ ਜਾਂ ਫਿਰ ਪ੍ਰਧਾਨ ਮੰਤਰੀ ਦੇ ਲੁਕੇ ਸਵਾਰਥੀ ਇਰਾਦਿਆਂ ਦਾ ਪ੍ਰਗਟਾ ਸੀ।

ਪੰਜਾਬ ਵਿਚ ਇੰਦਰਾ ਸਰਕਾਰ ਵਲੋਂ ਫੌਜ ਭੇਜੇ ਜਾਣ ਦੇ ਉਪਰੋਕਤ ਦਿੱਤੇ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ, ਦੇਖਿਆ ਜਾ ਸਕਦਾ ਹੈ ਕਿ ਸਰਕਾਰ ਦੇ ਇਰਾਦੇ ਖੁਦ ਮਸਲੇ ਨੂੰ ਉਲਝਾਉਣ ਦੇ ਸਨ। ਪ੍ਰੰਤੂ ਹੁਣ ਜੋ ਕੁਝ ਫੌਜ ਭੇਜਣ ਨਾਲ ਸਰਕਾਰ ਨੇ ਕੀਤਾ ਹੈ ਉਸ ਨੇ ਪੰਜਾਬ ਦੀ ਮੁਖ ਵਸੋਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਬੁਰੀ ਤਰ੍ਹਾਂ ਵਲੂੰਧਰ ਦਿੱਤਾ ਹੈ। ਸਿੱਖਾਂ ਦੇ ਧਰਮ ਸਥਾਨ

ਬਾਕੀ ਪੰਨਾ

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.

We Do Passport, 5 Mins. Service, Portrait Photos & Weddings

Ph. 321-7020

ਭਾਰਤ ਜਾਣ ਦੀ ਤਿਆਰੀ ਹੈ?
East West Travel Ltd.

ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ
ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.
Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
#206-3517, 17 Ave. S.E. Calgary, Alta
T2A 0R5

Harcharan S. Sanghera
B.A.,(Hons.)B.T.
We wish to let everybody know, that Harry, top salesman has rejoined our firm, and is eager to help in matters of real estate.

Call (403)274-9586

COMMISSIONER FOR OATHS

HEIN REAL ESTATE CORPORATION 272-3382

ਪਾਕਿਸਤਾਨ ਰਾਹੀਂ ਹਮਲਾ ਕਰਨ ਵਾਲਿਆਂ ਨੂੰ ਗੋਲੀ ਮਾਰ ਦੇਣ ਦੇ ਹੁਕਮ

ਨਵੀਂ ਦਿੱਲੀ — 'ਸਟੇਟਸਮੇਨ' ਅਖਬਾਰ ਦੀ ਖਬਰ ਅਨੁਸਾਰ ਭਾਰਤੀ ਫੌਜ ਨੂੰ ਹੁਕਮ ਦਿਤੇ ਗਏ ਹਨ ਕਿ ਕੁਝ ਵਿਅਕਤੀ ਪਾਕਿਸਤਾਨ ਰਾਹੀਂ ਭਾਰਤ ਤੇ ਹਮਲਾ ਕਰਨ ਦੇ ਯਤਨਾਂ ਵਿਚ ਹਨ — ਅਜਿਹੇ ਹਮਲਾਆਵਰਾਂ ਨੂੰ ਦੇਖਦੇ ਸਾਰ ਗੋਲੀ ਮਾਰ ਦਿਤੀ ਜਾਵੇ। ਅਖਬਾਰ ਦਾ ਕਹਿਣਾ ਹੈ ਕਿ ਕੁਝ ਅਜਿਹਾ ਅਨਸਰ ਜਿਸ ਨੂੰ ਸਰਕਾਰ 'ਅਤਿਵਾਦੀ' ਕਹਿੰਦੀ ਹੈ ਉਹ ਪਾਕਿਸਤਾਨ ਵਿਚ ਫੌਜੀ ਹਮਲੇ ਤੋਂ ਪਹਿਲਾਂ ਘੁਸ ਗਿਆ ਸੀ ਤੇ ਉਹ ਵਿਅਕਤੀ ਮੁੜ ਭਾਰਤ ਦਾਖਲ ਹੋਣਾ ਚਾਹੁੰਦੇ ਹਨ - ਅਜਿਹੇ ਵਿਅਕਤੀਆਂ ਨੂੰ ਦੇਖਦੇ ਸਾਰ ਗੋਲੀ ਮਾਰ ਦੇਣ ਦੇ ਹੁਕਮ ਦੇ ਦਿਤੇ ਗਏ ਹਨ।

ਅਖਬਾਰ ਨੇ ਕਿਹਾ ਕਿ ਇਸ ਘੁਸਪੈਂਠ ਵਿਚ 200 ਪਾਕਿਸਤਾਨੀ ਅਤੇ ਕੁਝ ਅਤਿਵਾਦੀ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਕੋਲ ਆਧੁਨਿਕ ਹਥਿਆਰ ਹਨ। ਕਸ਼ਮੀਰ ਸਰਹੱਦ ਤੇ ਫੌਜ ਸਾਵਧਾਨ ਕਰ ਦਿਤੀ ਗਈ ਹੈ।

ਪਾਕਿਸਤਾਨੀ ਅਨਸਰਾਂ ਵਿਚ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੈਂਬਰ ਸ਼ਾਮਲ ਹਨ ਜੋ ਕਿ ਇਕ ਵੱਖਵਾਦੀ ਸੰਸਥਾ ਹੈ ਤੇ ਜਿਸ ਨੇ ਇੰਗਲੈਂਡ ਵਿਚ ਭਾਰਤੀ ਡਿਪਲੋਮੈਟ ਸ੍ਰੀ ਮਹਾਤਰੇ ਦਾ ਕਤਲ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਸੀ।

'ਸਟੇਟਸਮੇਨ' ਅਖਬਾਰ ਨੇ ਕਿਹਾ ਹੈ ਕਿ ਇਨ੍ਹਾਂ ਪਾਕਿਸਤਾਨ ਰਾਹੀਂ ਸ਼ਾਮਲ ਹੋਣ ਵਾਲਿਆਂ ਵਿਚ ਕੁਝ ਵਿਅਕਤੀ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਵੀ ਦੱਸੇ ਜਾਂਦੇ ਹਨ।

ਗੰਗਾ ਸਿੰਘ ਢਿੱਲੋਂ ਤੇ ਡਾ: ਚੌਹਾਨ ਦੀਆਂ ਸਰਗਰਮੀਆਂ 'ਤੇ ਨਿਗਾਹ

ਨਵੀਂ ਦਿੱਲੀ —(ਯੂ. ਐਨ. ਆਈ)—ਸਰਕਾਰ ਖਾਲਿਸਤਾਨ ਲਹਿਰ ਦੇ ਇਸ ਦੇ ਦੋ ਨੇਤਾਵਾਂ ਸ੍ਰੀ ਗੰਗਾ ਸਿੰਘ ਢਿੱਲੋਂ ਤੇ ਡਾ: ਜਗਜੀਤ ਸਿੰਘ ਚੌਹਾਨ ਦੀਆਂ ਕਾਰਵਾਈਆਂ ਉਤੇ ਕਰੜੀ ਨਿਗਾਹ ਰੱਖ ਰਹੀ ਹੈ। ਸਰਕਾਰ ਨੂੰ ਸ਼ੰਕਾ ਹੈ ਕਿ ਇਹ ਦੋਵੇਂ ਨੇਤਾ ਆਪਣੇ ਮੰਤਵ ਦੀ ਪੂਰਤੀ ਲਈ ਪੰਜਾਬ ਵਿਚ ਅਤਿਵਾਦੀਆਂ ਨੂੰ ਮੁੜ ਸਰਗਰਮ ਕਰਨ ਲਈ ਯਤਨ ਤੇਜ਼ ਕਰ ਸਕਦੇ ਹਨ

ਭਰੋਸੇਯੋਗ ਸੂਤਰਾਂ ਅਨੁਸਾਰ ਇਨ੍ਹਾਂ ਦੋਵਾਂ ਸਿੱਖ ਨੇਤਾਵਾਂ ਦੇ ਪਾਕਿਸਤਾਨ ਨਾਲ ਸਰਕਾਰ ਪੱਧਰ ਉਤੇ ਕਾਫੀ ਨੇੜਲੇ ਸਬੰਧ ਹਨ। ਇਸ ਤੋਂ ਇਲਾਵਾ ਇਨ੍ਹਾਂ ਨੇ ਕੁਝ ਪੱਛਮੀ ਮੁਲਕਾਂ, ਜਿਨ੍ਹਾਂ ਵਿਚ ਬਰਤਾਨੀਆ ਤੇ ਅਮਰੀਕਾ ਸ਼ਾਮਲ ਹਨ, ਨਾਲ ਵੀ ਸਬੰਧ ਬਣਾਏ ਹੋਏ ਹਨ। ਇਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀਆਂ ਦੀ ਮੌਤ ਬਾਅਦ ਪਿਆ ਖੱਪਾ ਪੂਰਨ ਦਾ ਯਤਨ ਕਰਨਗੇ।

ਸੰਤ ਭਿੰਡਰਾਂਵਾਲੇ ਅਕਸਰ ਇਹ ਕਿਹਾ ਕਰਦੇ, "ਮੈਂ ਨਾ ਤਾਂ ਖਾਲਿਸਤਾਨ ਦੇ ਹੱਕ ਵਿਚ ਹਾਂ ਤੇ ਨਾ ਹੀ ਇਸ ਦੇ ਵਿਰੁਧ ਹਾਂ।" ਪਰ ਉਨ੍ਹਾਂ ਦੇ ਬਹੁਤ ਨੇੜਲੇ ਸਾਥੀ ਤੇ ਪਾਬੰਦੀਸ਼ੁਦਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਸਿੱਧਾ ਖਾਲਿਸਤਾਨ ਦੇ ਹੱਕ ਵਿਚ ਸਨ। ਉਨ੍ਹਾਂ ਦਾ ਇਹ ਬਿਆਨ ਅਖਬਾਰਾਂ ਵਿਚ ਛਪਿਆ ਹੋਇਆ ਹੈ ਜਿਸ ਵਿਚ ਉਨ੍ਹਾਂ ਕਿਹਾ, "ਅਸੀਂ ਖ਼ਾਲਿਸਤਾਨ ਚਾਹੁੰਦੇ ਹਾਂ, ਇਸ ਤੋਂ ਘੱਟ ਕੁਝ ਨਹੀਂ।"

ਫੈਡਰੇਸ਼ਨ ਦੇ ਸਕੱਤਰ ਸ੍ਰੀ ਹਰਿਮੰਦਰ ਸਿੰਘ ਸੰਧੂ ਕਿਹਾ ਕਰਦੇ ਸਨ, "ਸਿੱਖ ਨੇਪਾਲ ਵਰਗੇ ਰਾਜ ਦੀ ਮੰਗ ਕਰ ਰਹੇ ਹਨ।" ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ 19 ਜੁਲਾਈ 1982 ਤੋਂ ਗੁਰੂ ਨਾਨਕ ਨਿਵਾਸ ਵਿਚ ਠਿਕਾਣਾ ਲਾ ਲੈਣ ਬਾਅਦ ਉਥੋਂ ਖਾਲਿਸਤਾਨੀਆਂ ਦੀਆਂ ਕਾਰਵਾਈਆਂ ਸ਼ੁਰੂ ਹੋ ਗਈਆਂ ਸਨ।

ਸ੍ਰੀ ਹਰਮਿੰਦਰ ਸਿੰਘ ਸੰਧੂ ਨੇ ਇਕ ਵਾਰ ਕਿਹਾ ਸੀ, "ਗੁਰੂ ਨਾਨਕ ਨਿਵਾਸ ਸਿੱਖਾਂ ਦੀ ਛਾਉਣੀ ਹੈ। ਮੈਨੂੰ ਇਥੋਂ ਖਾਲਿਸਤਾਨ ਲਈ ਕੰਮ ਕਰਨ ਦਾ ਪੂਰਾ ਪੂਰਾ ਅਧਿਕਾਰ ਹੈ।"

ਹਰਿਮੰਦਰ ਸਾਹਿਬ ਦੀ ਕੇਵਲ ਪਵਿੱਤਰਤਾ ਹੀ ਭੰਗ ਨਹੀਂ ਹੋਈ ਸਗੋਂ ਅਕਾਲ ਤਖਤ ਦੇ ਪਵਿੱਤਰ ਸਥਾਨ ਦੀ ਬਿਲਡਿੰਗ ਦਾ ਚੋਖਾ ਨੁਕਸਾਨ ਹੋਇਆ।

ਦੁਨੀਆਂ ਦੇ ਹਰ ਹਿੱਸੇ ਵਿਚ ਰਹਿਣ ਵਾਲੇ ਜਮਹੂਰੀ ਵਿਚਾਰਾਂ ਦੇ ਭਾਰਤੀ, ਉਨ੍ਹਾਂ ਦੇ ਰਾਜਸੀ ਵਿਚਾਰ ਭਾਵੇਂ ਕੁਝ ਵੀ ਹੋਣ ਸਰਕਾਰ ਵਲੋਂ ਕੀਤੇ ਇਸ ਅਪਰਾਧ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਨ। ਕਿਉਂਕਿ ਜੇਕਰ ਸਰਕਾਰ ਮੰਗਾਂ ਢੇਰ ਚਿਰ ਪਹਿਲਾਂ ਮੰਨ ਲੈਂਦੀ ਤਾਂ ਅਜਿਹਾ ਕੁਝ ਹੋਣ ਤੋਂ ਬਚਿਆ ਜਾ ਸਕਦਾ ਸੀ। ਜੇਕਰ ਸਰਕਾਰ ਦੀ ਰਾਜ ਪ੍ਰਬੰਧਕੀ ਮਸ਼ੀਨਰੀ ਈਮਾਨਦਾਰੀ ਨਾਲ ਆਪਣੇ ਫਰਜ਼ਾਂ ਨੂੰ ਪੂਰਿਆਂ ਕਰਦੀ ਤਾਂ ਜੋ ਕੁਝ ਦੋ ਸਾਲਾਂ ਤੋਂ ਪੰਜਾਬ ਵਿਚ ਹੋਇਆ ਉਸ ਤੋਂ ਵੀ ਬਚਿਆ ਜਾ ਸਕਦਾ ਸੀ।

ਜਦੋਂ ਪੰਜਾਬ ਅਤੇ ਹਰਿਆਣੇ ਵਿਚ ਬੇਗੁਨਾਹ ਹਿਦੂਆਂ ਅਤੇ ਸਿੱਖਾਂ ਦੇ ਕਤਲ ਹੋਏ ਉਸ ਵੇਲੇ ਵੀ ਅਸੀਂ ਉਸ ਦੀ ਨਿਖੇਧੀ ਕੀਤੀ, ਅੱਜ ਜਦੋਂ ਫੌਜ ਨੇ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਗੋਲੀਆਂ ਨਾਲ ਮਾਰ ਦਿਤਾ ਹੈ ਅਸੀਂ ਇਸ ਦੀ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਕੀ ਇਸ ਵੱਡੇ ਐਕਸ਼ਨ ਕਰਨ ਤੋਂ ਬਿਨਾਂ ਸਰ ਨਹੀਂ ਸਕਦਾ ਸੀ? ਹਾਂ ਜੇ ਕਰ ਸਰਕਾਰ ਅੱਜ ਤੋਂ ਪਹਿਲਾਂ ਪੰਜਾਬੀਆਂ ਦੀਆਂ ਮੰਗਾਂ ਮੰਨ ਲੈਂਦੀ ਅਤੇ ਜਿੰਨ੍ਹਾਂ ਵਿਰੁਧ ਕੇਸ ਦਰਜ ਸਨ, ਉਨ੍ਹਾਂ ਉਪਰ ਪਹਿਲਾਂ ਕਾਨੂੰਨੀ ਚਾਰਾ—ਜੋਈ ਕਰਦੀ। ਅਜਿਹਾ ਪਹਿਲਾਂ ਨਾ ਕਰਨਾ, ਸਰਕਾਰ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ।

ਪੰਜਾਬ ਦੇ ਮਸਲੇ ਨੂੰ ਰਾਜਸੀ ਤੌਰ ਉਪਰ ਹੱਲ ਕਰਨ ਦੀ ਥਾਵੇਂ ਫੌਜਾਂ ਦੀ ਵਰਤੋਂ ਕਰਨੀ ਸਰਕਾਰ ਦੇ ਏਕਾ ਅਧਿਕਾਰਵਾਦੀ ਇਰਾਦਿਆਂ ਦੇ ਗੈਰ ਜਮਹੂਰੀ ਅਮਲਾਂ ਦਾ ਸਬੂਤ ਹੈ। ਫੌਜਾਂ ਨੂੰ ਰਾਜਸੀ ਮਸਲਿਆਂ ਵਿਚ ਸ਼ਾਮਲ ਕਰਨਾ ਨਾ ਕੇਵਲ ਭਾਰਤੀ ਅਤੇ ਸਾਡੀਆਂ ਫੌਜੀ ਪਰੰਪਰਾਵਾਂ ਦੇ ਹੀ ਵਿਰੁਧ ਹੈ, ਸਗੋਂ ਭਾਰਤ ਦੇ ਜਮਹੂਰੀ ਭਵਿੱਖ ਲਈ, ਲੋਕਾਂ ਦੀਆਂ ਸ਼ਹਿਰੀ ਆਜ਼ਾਦੀਆਂ ਲਈ ਅਤੇ ਹੋਰ ਜਮਹੂਰੀ ਕਦਰਾਂ ਕੀਮਤਾਂ ਲਈ ਵੀ ਇਕ ਗੰਭੀਰ ਚੈਲੰਜ ਹੈ।

ਸਰਕਾਰ ਵਲੋਂ ਕੀਤੇ ਇਸ ਫੌਜੀ ਐਕਸ਼ਨ ਕਾਰਨ, ਜੋ ਹਾਲਾਤ ਪੈਦਾ ਹੋ ਗਏ ਹਨ, ਉਨ੍ਹਾਂ ਨੂੰ ਨਾਰਮਲ ਹਾਲਤ ਵਿਚ ਮੁੜ ਤੋਂ ਲਿਆਉਣ ਲਈ ਲੰਬਾ ਸਮਾਂ ਲੱਗੇਗਾ ਅਤੇ ਇਹ ਪੰਜਾਬ ਦੇ ਹੀ ਨਹੀਂ, ਸਗੋਂ ਸਮੁੱਚੇ ਭਾਰਤ ਉਪਰ ਆਪਣਾ ਰਾਜਸੀ ਅਸਰ ਪਾਵੇਗਾ।

ਕਰ ਦਿੱਤਾ ਹੈ।

ਸੀਨੇ ਤੇ ਡੂੰਘਾ ਘਾਉ ਖਾਈ,
ਅਸੀਂ ਹਾਂ ਗਰੈਂਡਪ੍ਰੇਰੀ ਦੇ ਭਾਰਤੀ

ਫੌਜ ਦਰਬਾਰ ਸਾਹਿਬ 'ਚੋਂ ਹਟਣ ਲਈ ਤਿਆਰ

ਅੰਮ੍ਰਿਤਸਰ — ਯੂ. ਐਨ. ਆਈ— (ਪੀ. ਟੀ. ਆਈ)—ਮੇਜਰ ਜਨਰਲ ਕੇ. ਐਸ. ਬਰਾੜ ਨੇ ਇਥੇ ਚੰਡੀਗੜ੍ਹ ਤੋਂ ਦਰਬਾਰ ਸਾਹਿਬ ਕੰਪਲੈਕਸ ਦੇਖਣ ਆਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਬਹੁਤੇ ਸਮਰਥਕਾਂ ਦੀ ਫੌਜੀ ਕਾਰਵਾਈ ਦੌਰਾਨ ਮੌਤ ਕਾਰਨ ਪੰਜਾਬ ਵਿਚ ਅਤਿਵਾਦੀਆਂ ਕਾਰਵਾਈ ਕਰਨ ਵਾਲਿਆਂ ਦੀ ਕਮਰ ਟੁੱਟ ਗਈ ਹੈ ਪਰ ਦਾਅਵਾ ਕਰਨਾ ਠੀਕ ਨਹੀਂ ਕਿ ਅਤਿਵਾਦੀਆਂ ਦਾ ਖਾਤਮਾ ਹੋ ਗਿਆ ਹੈ।

ਜਨਰਲ ਬਰਾੜ ਨੇ ਕਿਹਾ ਕਿ ਸੈਨਾ ਤਾਂ ਦਰਬਾਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਛੇਤੀ ਤੋਂ ਛੇਤੀ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਅਧਿਕਾਰੀਆਂ ਦੇ ਹਵਾਲੇ ਕਰਨ ਉਪਰੰਤ ਉਥੋਂ ਜਾਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਤਾਂ ਪਹਿਲਾਂ ਹੀ ਗੁ: ਪ੍ਰੰ: ਕਮੇਟੀ ਦੇ ਪ੍ਰਬੰਧ ਹੇਠ ਹੈ। ਸ੍ਰੀ ਅਕਾਲ ਤਖਤ ਦੀ ਇਮਾਰਤ ਦੀ ਮੁਰੰਮਤ ਕਰਕੇ ਇਸਦਾ ਅਸਲੀ ਸਰੂਪ ਕਾਇਮ ਰੱਖਿਆ ਜਾਵੇਗਾ। ਜਨਰਲ ਬਰਾੜ ਨੇ ਕਿਹਾ ਕਿ ਫੌਜੀ ਕਾਰਵਾਈ ਉਪਰੰਤ ਜੋ ਦਸਤਾਵੇਜ਼ ਫੜੇ ਗਏ ਹਨ ਉਨ੍ਹਾਂ ਤੋਂ ਇਹ ਸਾਬਤ ਹੋ ਗਿਆ ਹੈ ਕਿ ਕਿ ਅਤਿਵਾਦੀਆਂ ਨੂੰ ਹਥਿਆਰਾਂ ਦੀ ਸਪਲਾਈ ਵਿਚ ਬਿਦੇਸ਼ੀ ਤਾਕਤਾਂ ਦਾ ਹੱਥ ਸੀ। ਉਨ੍ਹਾਂ ਦੱਸਿਆ ਜਦੋਂ ਸੰਤ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਬੀਬੀ ਅਮਰਜੀਤ ਕੌਰ ਨੇ ਬਾਹਵਾਂ ਖੜੀਆਂ ਕਰ ਦਿੱਤੀਆਂ ਤਾਂ ਸੁਰਖਸ਼ਾ ਸੈਨਕਾਂ ਨੇ ਉਨ੍ਹਾਂ ਨੂੰ ਹਿਫਾਜ਼ਤੀ ਘੇਰੇ ਵਿਚ ਲੈ ਲਿਆ ਉਚ ਫੌਜੀ ਅਧਿਕਾਰੀ ਨੇ ਦੱਸਿਆ ਜਦੋਂ ਇਹਨਾਂ ਨੇਤਾਵਾਂ ਤੇ ਹੋਰਨਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਤਾਂ ਉਸ ਪਿਛੋਂ ਬੱਬਰਖਾਲਸਾ ਦੇ ਵਰਕਰਾਂ ਵਲੋਂ ਦੇਸੀ ਬੰਬ ਸੁੱਟੇ ਗਏ। ਜਿਸ ਕਾਰਨ ਭਾਰੀ ਜਾਨੀ ਨੁਕਸਾਨ ਹੋਇਆ। ਜਨਰਲ ਨੇ ਕਿਹਾ ਕਿ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠਲੇ ਜਥੇ ਦੇ ਮੁਕਾਬਲੇ ਬੱਬਰ ਖਾਲਸਾ ਵਲੋਂ ਫੌਜ ਦਾ ਕੀਤਾ ਗਿਆ ਮੁਕਾਬਲਾ ਕੁਝ ਵੀ ਨਹੀਂ ਸੀ।

ਜਨਰਲ ਬਰਾੜ ਨੇ ਦਾਅਵਾ ਕੀਤਾ ਕਿ ਜਦੋਂ ਵੱਡੇ ਨੇਤਾ ਮਾਰੇ ਗਏ ਤਾਂ ਦਹਿਸ਼ਤਪਸੰਦਾਂ ਨੇ ਪੰਜ ਜੂਨ ਨੂੰ ਕੁਝ ਔਰਤਾਂ ਅਤੇ ਬੱਚਿਆਂ ਨੂੰ ਗੋਲੀ ਮਾਰ ਦਿਤੀ ਅਤੇ ਸ੍ਰੀ ਅਕਾਲ ਤਖਤ ਨੂੰ ਉਡਾਉਣ ਦੀ ਕੋਸ਼ਿਸ਼ ਵੀ ਕੀਤੀ ਲਗਭਗ ਵੀਹ ਦਹਿਸ਼ਤਪਸੰਦਾਂ ਨੇ ਗਹਿਣੇ ਅਤੇ ਨਕਦੀ ਆਦਿ ਲੈ ਕੇ ਬਚ ਨਿਕਲਣ ਲਈ ਯਤਨ ਵੀ ਕੀਤੇ ਪਰ ਸੈਨਿਕਾਂ ਨੇ ਉਨ੍ਹਾਂ ਦੀਆਂ ਇਹ ਕੋਸ਼ਿਸ਼ਾਂ ਨਾਕਾਮ ਕਰ ਦਿੱਤੀਆਂ।

ਜਨਰਲ ਬਾਰੜ ਨੇ ਆਸ ਪ੍ਰਗਟ ਕੀਤੀ ਕਿ ਅਤਿਵਾਦੀ ਅਤੇ ਦਹਿਸ਼ਤਪਸੰਦ ਹੁਣ ਵੀ ਸਮਝ ਜਾਣਗੇ ਅਤੇ ਤਬਾਹੀ ਵਾਲੇ ਰਸਤੇ ਨੂੰ ਛੱਡ ਦੇਣਗੇ। ਜਨਰਲ ਸਾਹਿਬ ਨੇ ਦੱਸਿਆ ਕਿ ਅਤਿਵਾਦੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸ੍ਰੀ ਸਾਹਿਬ ਸਿੰਘ ਦੀ ਮੌਜੂਦਗੀ ਵਿਚ ਆਤਮ ਸਮਰਪਣ ਕਰਨ ਦੀ ਪੇਸ਼ਕਸ਼ ਕੀਤੀ ਸੀ। ਪਰ ਭਾਈ ਸਾਹਿਬ ਇਸ ਲਈ ਤਿਆਰ ਨਾ ਹੋਏ।

ਸੈਨਿਕ ਅਧਿਕਾਰੀ ਨੇ ਸੰਤ ਭਿੰਡਰਾਂਵਾਲੇ ਵਲੋਂ ਖੁਦਕਸ਼ੀ ਕਰਨ ਦੀ ਸੰਭਾਵਨਾ ਰੱਦ ਕਰ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੀ ਲਾਸ਼ ਸ੍ਰੀ ਅਕਾਲ ਤਖਤ ਚੋਂ ਮਿਲੀ ਸੀ। ਉਨ੍ਹਾਂ ਦੱਸਿਆ ਕਿ ਸੰਤ ਭਿੰਡਰਾਂਵਾਲੇ ਦੀ ਪੁੜਪੜੀ ਵਿਚ ਇਕ ਵੱਡਾ ਜ਼ਖਮ ਸੀ। ਉਨ੍ਹਾਂ ਨੇ ਖੁਦ ਸੰਤ ਭਿੰਡਰਾਂਵਾਲੇ ਦੀ ਲਾਸ਼ ਦੇਖੀ ਸੀ। ਅਤੇ ਲਾਸ਼ ਪੋਸਟਮਾਰਅਮ ਲਈ ਦੋ ਦਿਨਾਂ ਤੱਕ ਬਰਫ ਵਿਚ ਲਾ ਕੇ ਰੱਖੀ ਸੀ। ਉਨ੍ਹਾਂ ਦੱਸਿਆ ਕਿ ਸਾਬਕਾ ਸੈਨਿਕ ਅਧਿਕਾਰੀ ਸੁਬੇਗ ਸਿੰਘ ਦੀ ਲਾਸ਼ ਲਾਗਿਓਂ ਵਾਕੀਟਾਕੀ ਸੈਟ ਮਿਲਿਆ ਸੀ ਜਿਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਹ ਦਹਿਸ਼ਤਪਸੰਦਾਂ ਨੂੰ ਲੜਾਈ ਲਈ ਆਦੇਸ਼ ਦੇ ਰਹੇ ਸਨ। ਉਨ੍ਹਾਂ ਦੱਸਿਆ ਕਿ ਅਤਿਵਾਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਦਫਤਰ ਦੀ ਇਮਾਰਤ ਅਤੇ ਗੁਰੂ ਨਾਨਕ ਨਿਵਾਸ ਨੂੰ ਨੁਕਸਾਨ ਪਹੁੰਚਾਇਆ ਸੀ ਇਸ ਕਾਰਨ ਇਨ੍ਹਾਂ ਇਮਾਰਤਾਂ ਨੂੰ ਅੱਗ ਲੱਗ ਗਈ ਅਤੇ ਫੌਜੀ ਜਵਾਨਾਂ ਨੇ ਅੱਗ ਉਤੇ ਕਾਬੂ ਪਾ ਲਿਆ।

ਪ੍ਰਧਾਨ ਮੰਤਰੀ ਇੰਦਰਾ ਦੇ ਨਾਮ ਖੁਲ੍ਹਾ ਪੱਤਰ

ਸ਼੍ਰੀਮਤੀ ਇੰਦਰਾ ਗਾਂਧੀ
ਪ੍ਰਧਾਨ ਮੰਤਰੀ, ਭਾਰਤ
ਨਵੀਂ ਦਿੱਲੀ।

ਪ੍ਰਧਾਨ ਮੰਤਰੀ,

ਤੁਹਾਡੀਆਂ ਫੌਜਾਂ ਨੇ ਸਿੱਖਾਂ ਦੇ ਸ਼੍ਰੋਮਣੀ ਗੁਰਦੁਆਰੇ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੇ ਟੈਂਕਾਂ ਤੇ ਤੋਪਾਂ ਨਾਲ ਬੁਜ਼ਦਿਲਾਨਾ ਤੇ ਕਮੀਨਾ ਹੱਲਾ ਬੋਲ ਕੇ ਜਿਵੇਂ ਹਜ਼ਾਰਾਂ ਬੇਦੋਸ਼ੇ ਤੇ ਨਿਹੱਥੇ ਸਿੰਘਾਂ, ਸਿੰਘਣੀਆਂ, ਮਾਸੂਮ ਬੱਚਿਆਂ ਤੇ ਹੋਰ ਧਾਰਮਿਕ ਪ੍ਰਚਾਰਕਾਂ ਤੇ ਅੰਧਾਧੁੰਦ ਗੋਲੀਆਂ ਚਲਾ ਕੇ ਉਹਨਾਂ ਨੂੰ ਬੇਦਰਦੀ ਨਾਲ ਸ਼ਹੀਦ ਕੀਤਾ, ਉਸਦਾ ਜੋ ਦੁੱਖ ਸਾਨੂੰ ਗ੍ਰੈਂਡ ਪ੍ਰੇਰੀ, ਕੈਨੇਡਾ ਵਿਚ ਵਸ ਰਹੇ ਭਾਰਤੀਆਂ ਨੂੰ ਹੋਇਆ ਹੈ, ਉਹ ਬਿਆਨ ਤੋਂ ਬਾਹਰ ਹੈ। ਸੁਣਕੇ ਸੀਨਾ ਪਾਟਣ ਨੂੰ ਆਉਂਦਾ ਹੈ।

ਕੋਈ ਵੀ ਅਗਾਂਹ ਵਧੂ ਸਰਕਾਰ ਆਪਣੇ ਹੱਕਾਂ ਲਈ ਜੂਝ ਰਹੇ ਲੋਕਾਂ ਤੇ ਜਾਂਗਲੀਆਂ ਤੇ ਰਾਕਸ਼ਾਂ ਵਾਂਗ ਗੋਲੀਆਂ ਦਾ ਮੀਂਹ ਨਹੀਂ ਵਰ੍ਹਾਉਂਦੀ ਤੇ ਨਾ ਹੀ ਆਪਣੀਆਂ ਫੌਜਾਂ ਤੇ ਮਾਸੂਮ ਲੋਕਾਂ ਦਾ ਸ਼ਿਕਾਰੀਆਂ ਵਾਂਗ ਪਿਛਾ ਕਰਨ ਦਾ ਡੰਡਾ ਚਾੜ੍ਹਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਚ ਹੋਈ ਇਸ ਦੁਖਦਾਈ ਘਟਨਾ, ਜਿਸ ਵਿਚ ਹਜ਼ਾਰਾਂ ਲੋਕ ਕੋਹੇ ਗਏ ਤੇ ਦਰਬਾਰ ਸਾਹਿਬ ਦਾ ਘੋਰ ਅਪਮਾਨ ਹੋਇਆ, ਦੇ ਜ਼ਿੰਮੇਵਾਰ ਸਿਰਫ ਤੁਸੀਂ ਹੋ। ਇੰਨਾ ਹੀ ਨਹੀਂ, ਪਿਛਲੇ ਦੋ ਕੁ ਸਾਲਾਂ ਵਿਚ ਜੋ ਹੋਰ ਵੀ ਬੇਗੁਨਾਹ ਹਿੰਦੂ ਤੇ ਸਿੱਖ ਮਾਰੇ ਗਏ, ਉਹਨਾਂ ਪਿਛੇ ਵੀ ਤੁਹਾਡਾ ਹੀ ਕੋਝਾ ਹੱਥ ਹੈ।

ਇਹਨਾਂ ਸਾਰਿਆਂ ਮਸਲਿਆਂ ਦਾ ਹੱਲ ਦੁਪਾਸੜ ਗੱਲਬਾਤ ਰਾਹੀਂ ਸ਼ਾਂਤਮਈ ਢੰਗ ਨਾਲ ਕਿਉਂ ਨਹੀਂ ਹੋ ਸਕਦਾ ਸੀ? ਖੂਨ ਦੀਆਂ ਇੰਨੀਆਂ ਨਦੀਆਂ ਵਹਾਉਣ, ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਤੇ ਹਿੰਦੂ ਸਿੱਖਾਂ ਵਿਚ ਫੁੱਟ ਪਾਉਣ ਦੀ ਕੀ ਲੋੜ ਸੀ?

ਸ੍ਰੀ ਅਕਾਲ ਤਖਤ ਸਾਹਿਬ, ਜਿਸਨੂੰ ਕਿ ਸਾਡੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਕਰ-ਕੰਵਲਾਂ ਨਾਲ ਬਣਾਇਆ ਸੀ, ਨੂੰ ਢਾਹ ਕੇ ਤੁਸਾਂ ਸਿੱਖ ਕੌਮ ਦੇ ਜਜ਼ਬਿਆਂ ਨੂੰ ਵਲੂੰਧਰ ਸੁਟਿਆ ਹੈ। ਤੁਹਾਡੀ ਇਸ ਸ਼ਰਮਨਾਕ ਕਰਤੂਤ ਨੇ ਹਰਿਮੰਦਰ ਸਾਹਿਬ ਵਿਚ ਹੋਈਆਂ ਪਿਛਲੀਆਂ ਸਭ ਬੇਅਦਬੀਆਂ ਤੇ ਸਿੱਖਾਂ ਤੇ ਹੋਏ ਜ਼ੁਲਮਾਂ ਨੂੰ ਮਾਤ ਪਾ ਦਿੱਤਾ ਹੈ। ਇਸ ਪੱਖੋਂ ਤੁਸੀਂ ਜ਼ਰੂਰ ਨੰਬਰ ਲੈ ਗਏ ਹੋ।

ਸਿੱਖ ਆਗੂਆਂ ਦੀਆਂ ਮੰਗਾਂ ਉਹਨਾਂ ਦੀਆਂ ਜ਼ਾਤੀ ਮੰਗਾਂ ਨਹੀਂ ਸਨ। ਇਹ ਤਾਂ ਸਾਰੇ ਪੰਜਾਬੀਆਂ ਦੀਆਂ ਸਨ। ਹਾਂ, ਤੁਸੀਂ ਤੇ ਤੁਹਾਡੀ ਹਿੱਤੂ ਪਰੈਸ ਲੋਕਾਂ ਵਿਚ ਇਹ ਪ੍ਰਚਾਰ ਕਰਨ ਲਈ ਜ਼ਰੂਰ ਕਿਸੇ ਹੱਦ ਤੱਕ ਕਾਮਯਾਬ ਹੋ

Matrimonial

Wanted a suitable Jat Sikh match for a Canadian Citizen Jat Sikh Sohi girl. Registered Nurse. Height 5' 4" . 24 yrs. Write to:

B.S. Khunkhun
P.O. BOX 721
Golden, B.C. VOA 1H0
Ph. (604)344-5147

ਦਹਿਸ਼ਤਪਸੰਦਾਂ ਵਿਚੋਂ ਬਹੁਤੇ ਸਾਬਕਾ ਨਕਸਲੀ

ਨਵੀਂ ਦਿੱਲੀ — ਹਰਿਮੰਦਰ ਸਾਹਿਬ ਅਹਾਤੇ 'ਚ ਫੌਜੀ ਕਾਰਵਾਈ ਦੌਰਾਨ ਕਾਬੂ ਕੀਤੇ ਗਏ ਸਿੱਖ ਅਤਿਵਾਦੀਆਂ ਤੋਂ ਕੀਤੀ ਗਈ ਮੁਢਲੀ ਪੁੱਛ-ਗਿੱਛ ਅਤੇ ਉਨ੍ਹਾਂ ਕੋਲੋਂ ਬਰਾਮਦ ਵਿਦੇਸ਼ੀ ਹਥਿਆਰਾਂ ਤੇ ਗੋਲੀ ਸਿੱਕੇ ਨੇ ਕੁਝ ਨਵੇਂ ਸਵਾਲ ਖੜੇ ਕੀਤੇ ਹਨ।

ਇਸ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਬੰਧ ਰੱਖਣ ਵਾਲੇ ਮਰਜੀਵੜਿਆਂ ਦੀਆਂ ਸਫਾਂ 'ਚ ਸਮਗਲਰਾਂ ਤੇ ਹੋਰਨਾਂ ਸਮਾਜ ਵਿਰੋਧੀ ਅਨਸਰਾਂ ਤੋਂ ਇਲਾਵਾ ਸਾਬਕਾ ਨਕਸਲਾਈਟ, ਸਾਬਕਾ ਮਾਰਕਸਵਾਦੀ ਤੇ ਰੂਸੀ ਪੱਖੀ ਕਮਿਊਨਿਸਟ ਵੀ ਸ਼ਾਮਲ ਸਨ।

ਮਿਸਾਲ ਦੇ ਤੌਰ ਤੇ ਸ਼ੰਤ ਭਿੰਡਰਾਂਵਾਲੇ ਦੇ ਪ੍ਰਾਈਵੇਟ ਸਕੱਤਰ ਡਾ:ਕਿਰਪਾਲ ਸਿੰਘ ਤੇ ਪਾਬੰਦੀਸ਼ੁਦਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ੍ਰੀ ਹਰਿਮੰਦਰ ਸਿੰਘ ਸੰਧੂ ਦੋਵੇਂ ਹੀ ਕਿਸੇ ਸਮੇਂ ਨਕਸਲਾਈਟਾਂ ਦੇ ਨੇੜੇ ਰਹੇ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦਾ ਸਾਬਕਾ ਸਕੱਤਰ ਸ੍ਰੀ ਗੁਰਚਰਨ ਸਿੰਘ ਜਿਸਨੇ ਸੰਤ ਭਿੰਡਰਾਂਵਾਲੇ ਦੇ ਬਹੁਤ ਨੇੜਲੇ ਸਾਥੀ ਸ੍ਰੀ ਸੁਰਿੰਦਰ ਸਿੰਘ ਸੋਢੀ ਨੂੰ ਕਥਿਤ ਤੌਰ ਤੇ ਕਤਲ ਕਰਵਾਇਆ, ਵੀ ਇਕ ਵੇਲੇ ਮਾਰਕਸਵਾਦੀ ਕਮਿਊਨਿਸਟ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਪ੍ਰੈਸ ਸਕੱਤਰ ਸ੍ਰੀ ਗੁਰਮੀਤ ਸਿੰਘ ਚੀਮਾ ਰੂਸ ਪੱਖੀ ਭਾਰਤੀ ਕਮਿਊਨਿਸਟ ਪਾਰਟੀ ਨਾਲ ਸਬੰਧਤ ਰਿਹਾ।

ਸਿਰਫ ਹਰਿਮੰਦਰ ਸਿੰਘ ਸੰਧੂ ਛੱਡ ਕੇ ਜਿਹੜਾ ਹੁਣ ਫੌਜ ਦੀ ਹਿਰਾਸਤ 'ਚ ਹੈ, ਬਾਕੀ ਸਾਰੇ ਉਕਤ ਵਿਅਕਤੀ 'ਗੁੰਮ' ਦੱਸੇ ਜਾਂਦੇ ਹਨ। ਇਨ੍ਹਾਂ ਸਾਰਿਆਂ ਦੇ ਮਾਰੇ ਜਾਣ ਦਾ ਸ਼ੰਕਾ ਹੈ ਪਰ ਇਨ੍ਹਾਂ 'ਚੋਂ ਕਿਸੇ ਦੀ ਵੀ ਲਾਸ਼ ਦੀ ਪਛਾਣ ਨਹੀਂ ਹੋ ਸਕੀ।

ਫੌਜ ਵਲੋਂ ਗ੍ਰਿਫਤਾਰ ਕੀਤੇ ਗਏ ਜਾਂ ਆਤਮਸਮਰਪਣ ਕਰ ਚੁੱਕੇ ਲਗਭਗ 200 ਅਤਿਵਾਦੀਆਂ ਜਿਹੜੇ ਕਿਸੇ ਸਮੇਂ ਨਕਸਲਾਈਟ ਜਾਂ ਦੂਜੀਆਂ ਕਮਿਊਨਿਸਟ ਪਾਰਟੀਆਂ ਦੇ ਵਰਕਰ ਰਹਿ ਚੁੱਕੇ ਹਨ ਨੂੰ ਦੂਜੇ ਸਿੱਖ ਅਤਿਵਾਦੀਆਂ ਤੋਂ ਵੱਖਰਿਆਂ ਕਰਕੇ ਭਰਵੀਂ ਪੁੱਛਗਿੱਛ ਲਈ ਯੂ.ਪੀ. 'ਚ ਕਿਸੇ ਥਾਂ ਲੈਜਾਇਆ ਗਿਆ ਹੈ।

ਅਤਿਵਾਦੀਆਂ 'ਚ ਸਾਬਕਾ ਨਕਸਲਾਈਟਾਂ ਦੇ ਸ਼ਾਮਲ ਹੋਣ ਤੇ ਬਰਾਮਦ ਕੀਤੇ ਗਏ ਹਥਿਆਰਾਂ 'ਚੋਂ ਕਾਫੀ ਚੀਨ 'ਚ ਬਣੇ ਹੋਏ ਕਾਰਨ ਖੁਫੀਆ ਏਜੰਸੀਆਂ ਨੂੰ ਆਪਣਾ ਇਹ ਪਹਿਲਾ ਫੈਸਲਾ ਮੁੜ ਵਿਚਾਰਨਾ ਪਿਆ ਹੈ ਕਿ ਇਹ ਹਥਿਆਰ ਪਾਕਿਸਤਾਨ ਤੋਂ ਸਮਗਲ ਹੋ ਕੇ ਭਾਰਤ 'ਚ ਆਏ। ਖੁਫੀਆ ਏਜੰਸੀਆਂ ਇਸ ਸੰਭਾਵਨਾ ਉਤੇ ਵਿਚਾਰ ਕਰ ਰਹੀਆਂ ਹਨ ਕਿ ਹਥਿਆਰ ਭਾਰਤੀ ਫ਼ੌਜ ਵਲੋਂ ਦਸੰਬਰ 1971 'ਚ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) 'ਚ ਪਾਕਿਸਤਾਨੀ ਫੌਜਾਂ ਕੋਲੋਂ ਆਤਮਸਮਰਪਣ ਬਾਅਦ ਬਰਾਮਦ ਕੀਤੇ ਹਥਿਆਰਾਂ 'ਚੋਂ ਹੋ ਸਕਦੇ ਸਨ ਕਿਉਂਕਿ ਕੁਝ ਹਥਿਆਰ ਫੌਜੀਆਂ ਨੇ ਨਿਸ਼ਾਨੀ ਵਜੋਂ ਆਪਣੇ ਕੋਲ ਰੱਖ ਲਏ ਸਨ ਜਾਂ ਕਿਸੇ ਕਾਰਨ ਹੋਰਨਾਂ ਵਿਅਕਤੀਆਂ ਨੇ ਲੈ ਲਏ ਸਨ। ਪਿਛਲੇ ਦੋ ਸਾਲਾਂ ਦੌਰਾਨ ਇਹ ਨਾਜਾਇਜ਼ ਹਥਿਆਰ ਅੰਦਰਖਾਤੇ ਕਾਫੀ ਮਹਿੰਗੇ ਭਾਅ ਵਿਕੇ।

ਨੇਪਾਲ ਦੇ ਰਸਤੇ ਬੰਗਲਾ ਦੇਸ਼ ਤੇ ਭਾਰਤ ਵਿਚਕਾਰ ਹਥਿਆਰਾਂ ਦੀ ਸਮਗਲਿੰਗ ਦੀ ਸੰਭਾਵਨਾ ਬਾਰੇ ਵੀ ਘੋਖ ਕੀਤੀ ਜਾ ਰਹੀ ਹੈ। ਇਸ ਵਿਚ ਕੋਈ ਸ਼ਕ ਨਹੀ ਕਿ ਬੰਗਲਾ ਦੇਸ਼ ਜੰਗ ਸਮੇਂ ਮੁਕਤੀ ਬਾਹਿਨੀ ਨੂੰ ਤੋੜੇ ਜਾਣ ਬਾਅਦ ਬਹੁਤੇ ਮੈਂਬਰਾਂ ਨੇ ਸਬੰਧਿਤ ਅਧਿਕਾਰੀਆਂ ਕੋਲ ਹਥਿਆਰ ਵਾਪਸ ਜਮ੍ਹਾਂ ਨਹੀਂ ਸਨ ਕਰਵਾਏ।

ਸ਼ਕ ਕੀਤਾ ਜਾਂਦਾ ਹੈ ਕਿ ਭਾਰਤੀ ਫੌਜ ਦੇ ਸਾਬਕਾ ਉਚ ਅਫਸਰ ਮੇਜਰ ਜਨਰਲ ਸੁਬੇਗ ਸਿੰਘ , ਜਿਨ੍ਹਾਂ ਮੁਕਤੀ ਬਾਹਿਨੀ ਨੂੰ ਸਿਖਲਾਈ ਦਿਤੀ, ਨੇ ਹਥਿਆਰਾਂ ਦੇ ਆਦਾਨ-ਪ੍ਰਦਾਨ 'ਚ ਕਾਫੀ ਅਹਿਮ ਭੂਮਿਕਾ ਨਿਭਾਈ।

ਚੇਤੇ ਰਹੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਫੌਜ 'ਚੋਂ ਕੱਢੇ ਜਾਣ ਬਾਅਦ ਮੇਜਰ ਜਨਰਲ ਸੁਬੇਗ ਸਿੰਘ ਜਿਹੜੇ ਹਰਿਮੰਦਰ ਸਾਹਿਬ 'ਚ ਫੌਜੀ ਕਾਰਵਾਈ ਦੌਰਾਨ ਮਾਰੇ ਗਏ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਰਲ ਗਏ ਸਨ।

ਗਏ ਕਿ ਇਹ ਮੰਗਾਂ ਸਿਰਫ ਮੁੱਠੀਭਰ ਅਤਿਵਾਦੀਆਂ ਦੀਆਂ ਹੀ ਹਨ। ਤੁਹਾਡੇ ਇਸ ਮੱਕਾਰ ਨੇ ਦੋ ਭਰਾਵਾਂ—ਹਿੰਦੂ ਤੇ ਸਿੱਖਾਂ - ਵਿਚ ਇਕ ਬੁਤ ਵੱਡਾ ਪਾੜ ਪਾ ਦਿੱਤਾ ਹੈ। ਪਰ ਤੁਸੀਂ ਤਾਂ ਚਾਹੁੰਦੇ ਵੀ ਇਹੋ ਹੀ ਸੀ।

ਹੱਕਾਂ ਲਈ ਉਠਣ ਵਾਲੀਆਂ ਆਵਾਜ਼ਾਂ ਨੂੰ ਉਚਾ ਹੋਣ ਤੋਂ ਪਹਿਲਾਂ ਹੀ ਘੁੱਟ ਦੇਣ, ਲੋਕਾਂ ਦੇ ਬੁਨਿਆਦੀ ਹੱਕਾਂ ਦਾ ਮਲੀਆਮੇਟ ਕਰਨ ਤੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਨੂੰ ਪੈਰਾਂ ਵਿਚ ਰੋਲਣ ਵਾਲੀਆਂ ਤੁਹਾਡੀਆਂ ਇਹ ਸਾਰੀਆਂ ਨਾਪਾਕ ਚੇਸ਼ਟਾਵਾਂ ਦੀ ਅਸੀਂ ਸਖਤ ਨਿਖੇਧੀ ਕਰਦੇ ਹਾਂ।

ਸਿੱਖਾਂ ਤੇ ਹੋਰ ਘੱਟ ਗਿਣਤੀ ਦੀਆਂ ਸ਼੍ਰੇਣੀਆਂ ਪ੍ਰਤੀ ਤੁਹਾਡੇ ਗੁੱਝੇ ਵਿਤਕਰਿਆਂ ਦੀਆਂ ਮਿਸਾਲਾਂ ਤਾਂ ਪਹਿਲਾਂ ਵੀ ਬੇਸ਼ੁਮਾਰ ਹਨ, ਪਰ ਉਹ ਕਈ ਕਾਰਨਾਂ ਕਰਕੇ ਸਹਿਣ ਕਰ ਲਏ ਗਏ, ਪਰ ਹੁਣ ਵਾਲਾ ਇਹ ਕਹਿਰ ਤਾਂ ਕਿਸੇ ਵੀ ਸਿੱਖ ਦੀ ਸਹਿਣਸ਼ਕਤੀ ਤੋਂ ਕਿਤੇ ਦੂਰ ਹੈ।

ਸ੍ਰੀਮਤੀ ਗਾਂਧੀ, ਤੁਸੀਂ ਤੇ ਪਾਰਲੀਮੈਂਟ ਵਿਚ ਤੁਹਾਡੇ ਝੋਲੀ ਚੁਕ ਸਾਥੀ, ਕਠੋਰ ਤੇ ਨਿਰਦਈ ਬੁੱਚੜਾਂ ਦਾ ਗ੍ਰੂਹ ਹੋ। ਤੁਹਾਡਾ ਕੰਮ ਕੌਮ ਦੀ ਅਗਵਾਈ ਕਰਨਾ ਸੀ, ਪਰ ਤੁਸੀਂ ਸਿਰਫ ਆਪਣੇ ਹੀ ਹਿੱਤਾਂ ਦੀ ਪਾਲਣਾ ਕੀਤੀ ਹੈ। ਤੁਸੀਂ ਮੁਲਕ ਦੀ ਅਗਵਾਈ ਕਰਨ ਵਿਚ ਬਹੁਤ ਬੁਰੀ ਤਰ੍ਹਾਂ ਅਸਫਲ ਰਹੇ ਹੋ। ਤੁਸੀਂ ਪ੍ਰਧਾਨ ਮੰਤਰੀ ਪਦ ਦੇ ਕਾਬਲ ਨਹੀਂ, ਤੁਹਾਨੂੰ ਤੁਰੰਤ ਤਿਆਗ ਪੱਤਰ ਦੇ ਦੇਣਾ ਚਾਹੀਦਾ ਹੈ।

ਸਿੱਖ ਕੌਮ ਤੁਹਾਨੂੰ ਕਦੇ ਮੁਆਫ ਨਹੀਂ ਕਰੇਗੀ। ਸਿੱਖਾਂ ਦੀ ਬਹੁ ਗਿਣਤੀ ਸਦਾ ਹੀ ਆਜ਼ਾਦ ਸਿੱਖ ਸਟੇਟ ਦਾ ਕਰੜਾ ਵਿਰੋਧ ਕਰਦੀ ਆਈ ਹੈ ਪਰ ਤੁਹਾਡੇ ਇਸ ਜ਼ੁਲਮ ਨੇ ਉਹਨਾਂ ਸਾਰਿਆਂ ਨੂੰ ਕੁਝ ਹੋਰ ਸੋਚਣ ਤੇ ਮਜਬੂਰ

WHEATON
PONTIAC BUICK GMC
LTD.

SUPER BUYS

Kuldip Jhand

FINANCING AVAILABLE



ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇੱਕ ਵਾਰ ਦਰਸ਼ਨ ਜਰੂਰ ਦਿਓ।

NEW ACADIANS TO CHOOSE FROM

OPEN SUNDAY 10:30 TO 4:30

EXAMPLE

1984 ACADIAN - Reclining Bucket Seats, Radial Tires, 1.6 Liter 4 Cyl.Engine, Floor Shift,Rack & Pinion Steering, Front Stabilizer Bar,Roof Drip Moulding styled wheels, High Energy Ignition System,Red with Grey Interior

2ND EXAMPLE

1984 ACADIAN AUTOMATIC Reclining Cloth Bucket Seats, Electric Rear Window Defroster, Radial Tires Heavy Duty Battery, AM Raio, Console Rocker Mouldings, Roof Drip Mouldings & Body Side Mouldings, Styled Wheels & MUCH MUCH MUCH MORE--

ਕੁਲਦੀਪ ਸਿੰਘ ਝੰਡ

ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325-12th. St, New Westminster, B.C.

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਅਦਿ ਹਨ-ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

ਤੁਸੀਂ ਆਪਣੀ ਮਰਜ਼ੀ ਦੀ ਔਪਸ਼ਨਜ਼ ਵੀ ਕਾਰ ਵਿੱਚ ਕਰਵਾਉਣੀ ਹੋਵੇ ਤਾਂ ਅਸੀਂ ਉਹ ਵੀ ਕਰਦੇ ਹਾਂ।

ਲੋਇਲ ਫਰਨੀਚਰ ਲਿ:

’ਤੇ

ਲੌਂਗ ਵੀਕਇੰਡ ਸੇਲ

ਫਰਨੀਚਰ ਦੀਆਂ ਕੀਮਤਾਂ ’ਚ 15% ਤੋਂ 50% ਤੱਕ ਕਟੌਤੀ

ਵਧੀਆ ਫਰਨੀਚਰ ਦੀ ਚੋਣ
’ਚੋਂ ਖ਼੍ਰੀਦੋ :



- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ਼੍ਰੀਦਣ ਦਾ ਸੁਨਹਿਰੀ ਮੌਕਾ

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

— ਲੋਇਲ ਫਰਨੀਚਰ

Loyal - The Most Trusted Name in Furniture Business.

LF

LOYAL FURNITURE LTD

Ph.: 879-8319 2707 Main Street,(at 11th Ave.) Vancouver, B.C. **Ph.: 879-4813**